4-MAR-PAGE-1.qxd 3/3/2023 9:58 PM Page 1

ਸ਼ਨੀਵਾਰ, 4 ਮਾਰਚ, 2023
20 ਫੱਗਣ { ਨਾਨਕਸ਼ਾਹੀ 554 / ਬਿਕਰਮੀ 2079
ਜਿਲਦ/VOL. : 71
ਅੰਕ/NO. : 273

# ਨਵਾਂ ਜ਼ਮਾਨਾ

DAILY NAWAN ZAMANA • SATURDAY, 4 MARCH, 2023
ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

You Tube nawan zamana TV

ਕੀਮਤ/PRICE : 5.00 ਰੁਪਏ   Regd. No : Pb/JL-123/2021-23, (R.N.I.)-00068/57   E-mail : nawanzamana@gmail.com   www.nawanzamana.in   ਸਫ਼ੇ : 12

# ਭਾਜਪਾ ਵਿਧਾਇਕ ਦੇ ਬੇਟੇ ਕੋਲੋਂ ਮਿਲੀ 8 ਕਰੋੜ ਰੁਪਏ ਦੀ 'ਨੇਕ' ਕਮਾਈ



**ਬੇਂਗਲੁਰੂ :** ਲੋਕਾਯੁਕਤ ਪੁਲਸ ਨੇ ਠੇਕੇਦਾਰ ਤੋਂ 40 ਲੱਖ ਰੁਪਏ ਦੀ ਰਿਸ਼ਵਤ ਲੈਂਦਿਆਂ ਫੜੇ ਜਾਣ ਤੋਂ ਇਕ ਦਿਨ ਬਾਅਦ ਭਾਜਪਾ ਵਿਧਾਇਕ ਮਦਲ ਵਿਰੂਪਕਸ਼ੱਪਾ ਦੇ ਪੁੱਤਰ ਪ੍ਰਸ਼ਾਂਤ ਕੁਮਾਰ ਦੇ ਘਰੋਂ 8 ਕਰੋੜ ਰੁਪਏ ਦੀ ਨਕਦੀ ਬਰਾਮਦ ਕੀਤੀ ਹੈ। ਲੋਕਾਯੁਕਤ ਸੂਤਰਾਂ ਅਨੁਸਾਰ ਬੇਂਗਲੁਰੂ ਜਲ ਸਪਲਾਈ ਅਤੇ ਸੀਵਰੇਜ ਬੋਰਡ ਦੇ ਚੀਫ ਅਕਾਊਂਟ ਅਫਸਰ ਪ੍ਰਸ਼ਾਂਤ ਨੂੰ ਕਰਨਾਟਕ ਸੋਪ ਐਂਡ ਡਿਟਰਜੈਂਟ ਲਿਮਟਿਡ (ਕੇ ਐੱਸ ਡੀ ਐੱਲ) ਦੇ ਦਫਤਰ 'ਚ ਠੇਕੇਦਾਰ ਤੋਂ 40 ਲੱਖ ਰੁਪਏ ਦੀ ਰਿਸ਼ਵਤ ਲੈਂਦੇ ਹੋਏ ਰੰਗੇ ਹੱਥੀਂ ਕਾਬੂ ਕੀਤਾ ਗਿਆ। ਲੋਕਾਯੁਕਤ ਸੂਤਰਾਂ ਨੇ ਦੱਸਿਆ ਕਿ ਵਿਰੂਪਕਸ਼ੱਪਾ ਕੇ ਐੱਸ ਡੀ ਐੱਲ ਦਾ ਚੇਅਰਮੈਨ ਹੈ ਅਤੇ ਪ੍ਰਸ਼ਾਂਤ ਕਥਿਤ ਤੌਰ 'ਤੇ ਆਪਣੇ ਪਿਤਾ ਦੀ ਤਰਫੋਂ ਰਿਸ਼ਵਤ ਦੀ 'ਪਹਿਲੀ ਕਿਸ਼ਤ' ਲੈ ਰਿਹਾ ਸੀ।

ਪੁਲਸ ਮੁਲਾਜ਼ਮਾਂ ਨੂੰ ਕੇ ਐੱਸ ਡੀ ਐੱਲ ਦਫਤਰ ਵਿੱਚੋਂ ਨਕਦੀ ਨਾਲ ਭਰੇ ਤਿੰਨ ਬੈਗ ਵੀ ਮਿਲੇ। ਲੋਕਾਯੁਕਤ ਅਧਿਕਾਰੀਆਂ ਨੇ ਪ੍ਰਸ਼ਾਂਤ ਦੇ ਫੜੇ ਜਾਣ ਤੋਂ ਤੁਰੰਤ ਬਾਅਦ ਉਸ ਦੇ ਘਰ ਛਾਪਾ ਮਾਰਿਆ। ਛਾਪਿਆਂ ਵਿਚ 8 ਕਰੋੜ ਰੁਪਏ ਮਿਲੇ। ਵੀਰੂਪਕਸ਼ੱਪਾ ਨੇ ਕੇ ਐੱਸ ਡੀ ਐੱਲ ਦੇ ਚੇਅਰਮੈਨ ਦੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਹੈ। ਉਸ ਨੇ ਕਿਹਾ ਕਿ ਜਿਸ ਟੈਂਡਰ ਦੇ ਮਾਮਲੇ 'ਚ ਬੇਟੇ ਨੇ ਰਿਸ਼ਵਤ ਲਈ, ਉਸ ਵਿਚ ਉਹ ਸ਼ਾਮਲ ਨਹੀਂ ਸੀ। ਵੀਰੂਪਕਸ਼ੱਪਾ ਦੇ ਅਸਤੀਫੇ ਤੋਂ ਪਹਿਲਾਂ ਕਰਨਾਟਕ ਦੇ ਮੁੱਖ ਮੰਤਰੀ ਬਸਵਰਾਜ ਬੋਮਈ ਨੇ ਕਿਹਾ ਸੀ ਕਿ ਲੋਕਾਯੁਕਤ ਨੂੰ ਮੁੜ ਸ਼ੁਰੂ ਕਰਨ ਦਾ ਮਕਸਦ ਰਾਜ ਵਿਚ ਭ੍ਰਿਸ਼ਟਾਚਾਰ ਨੂੰ ਖਤਮ ਕਰਨਾ ਸੀ।

ਲੋਕਾਯੁਕਤ ਅਧਿਕਾਰੀਆਂ ਮੁਤਾਬਕ ਪ੍ਰਸ਼ਾਂਤ ਕਰਨਾਟਕ ਐਡਮਨਿਸਟ੍ਰੇਟਿਵ ਸਰਵਿਸ ਦੇ 2008 ਬੈਚ ਦਾ ਅਧਿਕਾਰੀ ਹੈ। ਉਸ ਨੇ ਸਾਬਣ ਤੇ ਹੋਰ ਡਿਟਰਜੈਂਟ ਬਣਾਉਣ ਲਈ ਕੱਚੇ ਮਾਲ ਨੂੰ ਖਰੀਦਣ ਦੇ ਸੌਦੇ ਲਈ ਇਕ ਠੇਕੇਦਾਰ ਤੋਂ 80 ਲੱਖ ਰੁਪਏ ਮੰਗੇ ਸੀ। ਠੇਕੇਦਾਰ ਨੇ ਇਸ ਦੀ ਸ਼ਿਕਾਇਤ ਲੋਕਾਯੁਕਤ ਨੂੰ ਕੀਤੀ ਸੀ। ਲੋਕਾਯੁਕਤ ਦੇ ਅਧਿਕਾਰੀ ਮੁਤਾਬਕ ਪ੍ਰਸ਼ਾਂਤ ਨੂੰ ਰੰਗੇ ਹੱਥ ਨੱਪਣ ਦੀ ਯੋਜਨਾ ਬਣਾਈ ਗਈ।

ਅਧਿਕਾਰੀ ਮੁਤਾਬਕ ਰਿਸ਼ਵਤ ਮਦਲ ਵੀਰਪਕਸ਼ੱਪਾ ਦੀ ਤਰਫੋਂ ਇਹ ਰਕਮ ਲਈ ਗਈ। ਅਜਿਹੇ ਵਿਚ ਪਿਤਾ-ਪੁੱਤਰ ਦੋਨੋਂ ਮੁਲਜ਼ਮ ਹਨ। ਮਦਲ ਵੀਰੂਪਕਸ਼ੱਪਾ ਕਰਨਾਟਕ ਦੇ ਦਾਵਣਗੇਰੇ ਜ਼ਿਲ੍ਹੇ ਦੇ ਚੰਨਾਗਿਰੀ ਤੋਂ ਵਿਧਾਇਕ ਹੈ। ਕਰਨਾਟਕ ਦੱਖਣੀ ਭਾਰਤ ਦਾ ਇਕਲੌਤਾ ਰਾਜ ਹੈ, ਜਿੱਥੇ ਭਾਜਪਾ ਸੱਤਾ ਵਿਚ ਹੈ। ਅਪ੍ਰੈਲ-ਮਈ ਵਿਚ ਹੋਣ ਵਾਲੀ ਅਸੰਬਲੀ ਚੋਣ ਤੋਂ ਪਹਿਲਾਂ ਕੁਰੱਪਸ਼ਨ ਦਾ ਮੁੱਦਾ ਫਿਰ ਗਰਮਾ ਗਿਆ ਹੈ।

# ਪਬਲਿਕ ਅਦਾਰਿਆਂ ਦੀ ਰਾਖੀ ਹੀ ਕਾਮਰੇਡ ਜਸਵੰਤ ਸਿੰਘ ਸਮਰਾ ਨੂੰ ਸੱਚੀ ਸ਼ਰਧਾਂਜਲੀ

## 19ਵੇਂ ਬਰਸੀ ਸਮਾਗਮ 'ਚ ਨਿਰਮਲ, ਜਗਰੂਪ, ਮਾੜੀਮੇੜਾ, ਮੋਤੀ ਤੇ ਚਾਹਲ ਵੱਲੋਂ ਸਮਰਾ ਦੇ ਕਿਰਤੀ ਸਮਾਜ ਲਈ ਯੋਗਦਾਨ ਦੀ ਸ਼ਲਾਘਾ





**ਜਲੰਧਰ (ਰਾਜੇਸ਼ ਥਾਪਾ)**

ਪੰਜਾਬ ਗੌਰਮਿੰਟ ਟ੍ਰਾਂਸਪੋਰਟ ਵਰਕਰਜ਼ ਯੂਨੀਅਨ ਏਟਕ ਦੇ ਬਾਨੀ ਅਤੇ ਉੱਘੇ ਕਮਿਊਨਿਸਟ ਨੇਤਾ ਕਾਮਰੇਡ ਜਸਵੰਤ ਸਿੰਘ ਸਮਰਾ ਦਾ 19 ਵਾਂ ਬਰਸੀ ਸਮਾਗਮ ਕਾਮਰੇਡ ਜਸਵੰਤ ਸਿੰਘ ਸਮਰਾ ਹਾਲ ਦੇ ਵਿਹੜੇ ਵਿੱਚ ਨੇੜੇ ਬੱਸ ਸਟੈਂਡ ਜਲੰਧਰ ਵਿਖੇ ਸ਼ੁੱਕਰਵਾਰ ਪੂਰੇ ਇਨਕਲਾਬੀ ਜੋਸ਼ੋ-ਖਰੋਸ਼ ਨਾਲ ਹੋਇਆ। ਬਰਸੀ ਸਮਾਗਮ ਵਿੱਚ ਪੰਜਾਬ ਦੇ 18 ਡਿਪੂਆਂ ਦੇ ਵਰਕਰ, ਪੈਨਸ਼ਨਰ, ਭਰਾਤਰੀ ਜਥੇਬੰਦੀਆਂ ਦੇ ਆਗੂ ਅਤੇ ਵਰਕਰ ਵੱਡੀ ਗਿਣਤੀ ਵਿੱਚ ਸ਼ਾਮਲ ਹੋਏ।

ਸਮਾਗਮ ਨੂੰ ਸੰਬੋਧਨ ਕਰਦਿਆਂ ਨਿਰਮਲ ਸਿੰਘ ਧਾਲੀਵਾਲ ਜਨਰਲ ਸਕੱਤਰ ਏਟਕ ਨੇ ਕਾਮਰੇਡ ਜਸਵੰਤ ਸਿੰਘ ਸਮਰਾ ਵਲੋਂ ਰੋਡਵੇਜ਼ ਕਾਮਿਆਂ ਦੀ ਜਥੇਬੰਦੀ ਅਤੇ ਸਮੁੱਚੀ ਕਿਰਤੀ ਜਮਾਤ ਲਈ ਪਾਏ ਭਰਪੂਰ ਯੋਗਦਾਨ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਸਮਰਾ ਜੀ ਸਿਰਫ ਪੰਜਾਬ ਰੋਡਵੇਜ਼ ਕਾਮਿਆਂ ਨੂੰ ਹੀ ਨਹੀਂ, ਸਗੋਂ ਹਰ ਵਰਗ ਦੇ ਮੌਜੂਦਾ ਸਰਮਾਏਦਾਰੀ ਪ੍ਰਬੰਧ ਦੇ ਸਤਾਏ ਲੋਕਾਂ ਲਈ ਇਨਸਾਫ ਦਿਵਾਉਣ ਲਈ ਤਤਪਰ ਰਹਿੰਦੇ ਸਨ, ਸੰਘਰਸ਼ ਕਰਦੇ ਅਤੇ ਪ੍ਰਾਪਤੀ ਕਰਦੇ ਸਨ। ਅਜਿਹੇ ਆਗੂਆਂ ਦੀ ਕਮੀ ਕਰਕੇ ਹੁਣ ਦੇਸ਼ ਦੇ ਹਾਕਮ ਆਪਣੀ ਮਨਮਰਜ਼ੀ ਦੇ ਫੈਸਲੇ ਲਾਗੂ ਕਰਵਾ ਕੇ ਦੇਸ਼ ਦੇ ਕੁਦਰਤੀ ਸਰੋਤਾਂ ਦੀ ਲੁੱਟ ਕਰਵਾ ਰਹੇ ਹਨ। ਉਨ੍ਹਾ ਮੋਦੀ ਸਰਕਾਰ ਵੱਲੋਂ ਦੇਸ਼ ਦੇ ਸਮੁੱਚੇ ਪਬਲਿਕ ਅਦਾਰਿਆਂ ਨੂੰ ਕੌਡੀਆਂ ਦੇ ਭਾਅ ਅੰਬਾਨੀ-ਅਡਾਨੀ ਨੂੰ ਵੇਚਣ ਦਾ ਦੋਸ਼ ਲਗਾਉਂਦਿਆਂ ਕਿਹਾ ਕਿ ਸਭ ਤੋਂ ਖਤਰਨਾਕ ਰੁਝਾਨ ਦੇਸ਼ ਦੇ ਭੋਲੇ-ਭਾਲੇ ਲੋਕਾਂ ਨੂੰ ਫਿਰਕੂ ਰੰਗਤ ਦੀ ਭੇਟ ਚਾੜ੍ਹ ਕੇ ਦੇਸ਼ ਦੇ ਟੋਟੇ ਕਰਨ ਦੀ ਨੀਯਤ ਨੂੰ ਕਾਮਰੇਡ ਜਸਵੰਤ ਸਿੰਘ ਸਮਰਾ ਦੇ ਵਾਰਸ ਹਰਗਿਜ਼ ਬਰਦਾਸ਼ਤ ਨਹੀਂ ਕਰਨਗੇ।

ਕਾਮਰੇਡ ਜਗਰੂਪ ਅਤੇ ਪ੍ਰਿਥੀਪਾਲ ਸਿੰਘ ਮਾੜੀਮੇਘਾ ਨੇ ਕਿਹਾ ਕਿ ਕਾਮਰੇਡ ਜਸਵੰਤ ਸਿੰਘ ਸਮਰਾ ਅਤੇ ਕਾਮਰੇਡ ਨਛੱਤਰ ਸਿੰਘ ਧਾਲੀਵਾਲ ਦੀ ਜੋੜੀ ਨੇ ਅੱਤਵਾਦ ਦੇ ਸਮੇਂ ਵਿੱਚ ਅੱਤ ਦੇ ਮਾੜੇ ਦੌਰ ਵਿੱਚ ਵੀ ਏਟਕ ਦੇ ਲਾਲ ਝੰਡੇ ਨੂੰ ਹਮੇਸ਼ਾ ਉੱਚਾ ਰੱਖਿਆ ਅਤੇ ਨਾਹਰਾ ਦਿੱਤਾ— 'ਨਾ ਹਿੰਦੂ ਰਾਜ, ਨਾ ਖਾਲਿਸਤਾਨ, ਜੁੱਗ-ਜੁੱਗ ਜੀਵੇ ਹਿੰਦੁਸਤਾਨ।' ਭਾਵੇਂ ਇਸ ਸਦਕਾ

● ਬਾਕੀ ਸਫ਼ਾ 2 'ਤੇ

# ਝਾਰਖੰਡ 'ਚ ਤਿੰਨ ਕਰੋੜ ਬਰਾਮਦ



**ਨਵੀਂ ਦਿੱਲੀ :** ਈ ਡੀ ਨੇ ਆਈ ਏ ਐੱਸ ਅਧਿਕਾਰੀ ਪੂਜਾ ਸਿੰਘਲ ਅਤੇ ਹੋਰਨਾਂ ਨਾਲ ਸੰਬੰਧਤ ਮਨੀ ਲਾਂਡਰਿੰਗ ਮਾਮਲੇ 'ਚ ਝਾਰਖੰਡ ਦੇ ਹਜ਼ਾਰੀਬਾਗ ਜ਼ਿਲ੍ਹੇ 'ਚ ਛਾਪੇ ਦੌਰਾਨ ਤਿੰਨ ਕਰੋੜ ਦੀ ਨਕਦੀ ਜ਼ਬਤ ਕੀਤੀ। ਮੁਹੰਮਦ ਅੰਸਾਰੀ ਦੇ ਘਰੋਂ 500 ਅਤੇ 2000 ਰੁਪਏ ਦੇ ਵੱਡੇ ਨੋਟਾਂ ਦੇ ਬੰਡਲ ਜ਼ਬਤ ਕੀਤੇ ਗਏ ਹਨ। ਸਿੰਘਲ ਖਿਲਾਫ ਚੱਲ ਰਹੀ ਮਨੀ ਲਾਂਡਰਿੰਗ ਜਾਂਚ ਦੇ ਸੰਬੰਧ 'ਚ ਛਾਪੇਮਾਰੀ ਦੌਰਾਨ ਏਜੰਸੀ ਨੇ ਇਹ ਨਕਦੀ ਬਰਾਮਦ ਕੀਤੀ। ਈ ਡੀ ਨੇ ਪਿਛਲੇ ਸਾਲ 11 ਮਈ ਨੂੰ 2000 ਬੈਚ ਦੀ ਆਈ ਏ ਐੱਸ ਅਧਿਕਾਰੀ ਪੂਜਾ ਸਿੰਘਲ ਨੂੰ ਮਨਰੇਗਾ ਸਕੀਮ 'ਚ ਕਥਿਤ ਬੇਨਿਯਮੀਆਂ ਨਾਲ ਸੰਬੰਧਤ ਮਨੀ ਲਾਂਡਰਿੰਗ ਮਾਮਲੇ 'ਚ ਗ੍ਰਿਫਤਾਰ ਕੀਤਾ ਸੀ।

# ਪੰਜਾਬ ਵਿਧਾਨ ਸਭਾ 'ਚ ਰਾਜਪਾਲ ਦੇ ਭਾਸ਼ਣ ਦੌਰਾਨ ਹੰਗਾਮਾ



**ਚੰਡੀਗੜ੍ਹ :** ਪੰਜਾਬ ਵਿਧਾਨ ਸਭਾ ਦੇ ਬਜਟ ਇਜਲਾਸ ਦੌਰਾਨ ਸ਼ੁੱਕਰਵਾਰ ਰਾਜਪਾਲ ਬਨਵਾਰੀ ਲਾਲ ਪੁਰੋਹਿਤ ਦਾ ਭਾਸ਼ਣ ਸ਼ੁਰੂ ਹੁੰਦਿਆਂ ਹੰਗਾਮਾ ਸ਼ੁਰੂ ਹੋ ਗਿਆ। ਇਹ ਹੰਗਾਮਾ ਉਦੋਂ ਹੋਇਆ, ਜਦੋਂ ਰਾਜਪਾਲ ਨੇ ਭਾਸ਼ਣ ਦੌਰਾਨ 'ਮੇਰੀ ਸਰਕਾਰ' ਕਿਹਾ। ਇਸ 'ਤੇ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਨੇ ਰਾਜਪਾਲ ਨੂੰ ਕਿਹਾ ਕਿ ਸਰਕਾਰ ਜਦੋਂ ਤੁਹਾਡਾ ਸਤਿਕਾਰ ਨਹੀਂ ਕਰਦੀ ਤਾਂ 'ਮੇਰੀ ਸਰਕਾਰ' ਸ਼ਬਦ ਦੀ ਵਰਤੋਂ ਕਰਨੀ ਸ਼ੋਭਾ ਨਹੀਂ ਦਿੰਦਾ।

ਇਸ ਤੋਂ ਬਾਅਦ ਰਾਜਪਾਲ ਆਪਣੇ ਭਾਸ਼ਣ ਵਿਚ 'ਮੇਰੀ ਸਰਕਾਰ' ਦੀ ਥਾਂ ਕੇਵਲ 'ਸਰਕਾਰ' ਸ਼ਬਦ ਦੀ ਵਰਤੋਂ ਕਰਨ ਲੱਗੇ। ਮੁੱਖ ਮੰਤਰੀ ਭਗਵੰਤ ਮਾਨ ਨੇ ਜਦੋਂ ਨਿਯਮਾਂ ਦਾ ਹਵਾਲਾ ਦਿੰਦੇ ਹੋਏ ਰਾਜਪਾਲ ਨੂੰ 'ਮੇਰੀ ਸਰਕਾਰ' ਸ਼ਬਦ ਦੀ ਵਰਤੋਂ ਕਰਨ ਦੀ ਅਪੀਲ ਕੀਤੀ ਤਾਂ ਰਾਜਪਾਲ ਨੇ ਫਿਰ ਤੋਂ ਆਪਣੇ ਭਾਸ਼ਣ ਵਿਚ 'ਮੇਰੀ ਸਰਕਾਰ' ਸ਼ਬਦ ਦੀ ਵਰਤੋਂ ਕਰਨੀ ਸ਼ੁਰੂ ਕਰ ਦਿੱਤੀ। ਇਸ ਤੋਂ ਨਾਰਾਜ਼ ਕਾਂਗਰਸ ਦੇ ਵਿਧਾਇਕਾਂ ਨੇ ਸਦਨ 'ਚੋਂ ਵਾਕਆਊਟ ਕਰ ਦਿੱਤਾ। ਪਿਛਲੇ ਸਮੇਂ ਦੌਰਾਨ ਵਿੱਛੜੀਆਂ ਸ਼ਖਸੀਅਤਾਂ ਨੂੰ ਸ਼ਰਧਾਂਜਲੀ ਦੇਣ ਮਗਰੋਂ ਪੰਜਾਬ ਵਿਧਾਨ ਸਭਾ ਦੀ ਕਾਰਵਾਈ ਸੋਮਵਾਰ ਤੱਕ ਮੁਲਤਵੀ ਕਰ ਦਿੱਤੀ ਗਈ।

## ਫੁਲਟਨ ਹਾਕੀ ਇੰਡੀਆ ਦੇ ਨਵੇਂ ਕੋਚ



**ਨਵੀਂ ਦਿੱਲੀ :** ਦੱਖਣੀ ਅਫਰੀਕਾ ਦੇ ਕ੍ਰੇਗ ਫੁਲਟਨ ਨੂੰ ਭਾਰਤੀ ਪੁਰਸ਼ ਹਾਕੀ ਟੀਮ ਦਾ ਨਵਾਂ ਮੁੱਖ ਕੋਚ ਨਿਯੁਕਤ ਕੀਤਾ ਗਿਆ ਹੈ। ਹਾਕੀ ਇੰਡੀਆ ਨੇ 10 ਮਾਰਚ ਤੋਂ ਸ਼ੁਰੂ ਹੋ ਰਹੀ ਐੱਫ ਆਈ ਐੱਚ ਹਾਕੀ ਪ੍ਰੋ ਲੀਗ 'ਚ ਆਪਣੇ ਘਰੇਲੂ ਮੈਚਾਂ ਤੋਂ ਪਹਿਲਾਂ ਇਹ ਨਿਯੁਕਤੀ ਕੀਤੀ ਹੈ। 48 ਸਾਲਾ ਫੁਲਟਨ ਨੂੰ ਕਰੀਬ 25 ਸਾਲ ਦਾ ਕੋਚਿੰਗ ਦਾ ਤਜਰਬਾ ਹੈ। ਉਹ ਰਸਮੀ ਕਾਰਵਾਈਆਂ ਪੂਰੀਆਂ ਕਰਨ ਤੋਂ ਬਾਅਦ ਜਲਦੀ ਤੋਂ ਜਲਦੀ ਟੀਮ 'ਚ ਸ਼ਾਮਲ ਹੋ ਜਾਣਗੇ।

## ਸ਼ਾਹ ਨੇ ਗੁਰਦੁਆਰਾ ਗੁਰੂ ਨਾਨਕ ਝੀਰਾ ਮੱਥਾ ਟੇਕਿਆ

**ਬਿਦਰ :** ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਸ਼ੁੱਕਰਵਾਰ ਕਰਨਾਟਕ ਦੇ ਬਿਦਰ 'ਚ ਗੁਰੂ ਨਾਨਕ ਝੀਰਾ ਸਾਹਿਬ ਗੁਰਦੁਆਰੇ 'ਚ ਮੱਥਾ ਟੇਕਿਆ। ਉਹ ਭਾਜਪਾ ਦੀ 'ਵਿਜੇ ਸੰਕਲਪ ਰੱਥ ਯਾਤਰਾ' ਨੂੰ ਹਰੀ ਝੰਡੀ ਦੇਣ ਇੱਥੇ ਪੁੱਜੇ ਸਨ। ਕਰਨਾਟਕ ਦੀਆਂ ਵਿਧਾਨ ਸਭਾ ਚੋਣਾਂ ਨੇੜੇ ਆ ਗਈਆਂ ਹਨ।

## ਸੋਨੀਆ ਹਸਪਤਾਲ ਦਾਖਲ

**ਨਵੀਂ ਦਿੱਲੀ :** ਕਾਂਗਰਸ ਸੰਸਦੀ ਦਲ ਦੀ ਮੁਖੀ ਸੋਨੀਆ ਗਾਂਧੀ ਨੂੰ ਬੁਖਾਰ ਕਾਰਨ ਵੀਰਵਾਰ ਸਰ ਗੰਗਾ ਰਾਮ ਹਸਪਤਾਲ 'ਚ ਦਾਖਲ ਕਰਵਾਇਆ ਗਿਆ ਅਤੇ ਉਨ੍ਹਾ ਦੀ ਹਾਲਤ ਸਥਿਰ ਦੱਸੀ ਗਈ ਹੈ।

## ਹਿਜਾਬ ਮਾਮਲੇ ਦੀ ਸੁਣਵਾਈ ਤਿੰਨ ਜੱਜਾਂ ਦੀ ਬੈਂਚ ਕਰੇਗੀ

**ਨਵੀਂ ਦਿੱਲੀ :** ਸੁਪਰੀਮ ਕੋਰਟ ਨੇ ਕਿਹਾ ਹੈ ਕਿ ਉਹ ਕਰਨਾਟਕ ਦੀਆਂ ਮੁਸਲਿਮ ਵਿਦਿਆਰਥਣਾਂ ਵੱਲੋਂ ਹਿਜਾਬ ਪਹਿਨ ਕੇ ਸਰਕਾਰੀ ਸਕੂਲਾਂ 'ਚ ਹਾਜ਼ਰ ਹੋਣ ਦੀ ਇਜਾਜ਼ਤ ਮੰਗਣ ਵਾਲੀ ਪਟੀਸ਼ਨ ਦੀ ਸੁਣਵਾਈ ਲਈ ਤਿੰਨ ਜੱਜਾਂ ਦੀ ਬੈਂਚ ਬਣਾਏਗੀ। ਜਦੋਂ ਮਹਿਲਾ ਵਕੀਲ ਨੇ ਪਟੀਸ਼ਨਾਂ ਦੀ ਤੁਰੰਤ ਸੁਣਵਾਈ ਲਈ ਮਾਮਲੇ ਦਾ ਜ਼ਿਕਰ ਕੀਤਾ ਤਾਂ ਚੀਫ ਜਸਟਿਸ ਡੀ ਵਾਈ ਚੰਦਰਚੂੜ, ਜਸਟਿਸ ਪੀ ਐੱਸ ਨਰਸਿਮ੍ਹਾ ਅਤੇ ਜਸਟਿਸ ਜੇ ਬੀ ਪਾਰਦੀਵਾਲਾ ਦੀ ਬੈਂਚ ਨੇ ਕਿਹਾ ਕਿ ਬੈਂਚ ਕਾਇਮ ਕੀਤਾ ਜਾਵੇਗਾ।

# ਹਰਿਆਣਾ 'ਚ ਤਿੰਨ ਹਾਦਸਿਆਂ 'ਚ 17 ਜਾਨਾਂ ਗਈਆਂ



**ਚੰਡੀਗੜ੍ਹ :** ਹਰਿਆਣਾ ਵਿਚ ਸ਼ੁੱਕਰਵਾਰ ਤਿੰਨ ਵੱਡੇ ਹਾਦਸਿਆਂ 'ਚ 17 ਲੋਕਾਂ ਦੀ ਮੌਤ ਹੋ ਗਈ ਤੇ 20 ਜ਼ਖਮੀ ਹੋ ਗਏ। ਅੰਬਾਲਾ ਜ਼ਿਲ੍ਹੇ 'ਚ ਟਰਾਲੇ ਅਤੇ ਬੱਸ ਦੀ ਟੱਕਰ 'ਚ 8 ਵਿਅਕਤੀਆਂ ਦੀ ਮੌਤ ਹੋ ਗਈ ਅਤੇ 4 ਜ਼ਖਮੀ ਹੋ ਗਏ। ਇਹ ਹਾਦਸਾ ਪੰਚਕੂਲਾ-ਯਮੁਨਾਨਗਰ ਨੈਸ਼ਨਲ ਹਾਈਵੇਅ 'ਤੇ ਕੱਕੜ ਮਾਜਰਾ ਪਿੰਡ ਨੇੜੇ ਹੋਇਆ। ਯੂ ਪੀ ਦੇ ਬਰੇਲੀ ਤੋਂ ਹਿਮਾਚਲ ਦੇ ਬੱਦੀ ਜਾ ਰਹੀ ਬੱਸ ਵਿੱਚੋਂ ਤਿੰਨ ਸਵਾਰੀਆਂ ਹੇਠਾਂ ਉੱਤਰ ਰਹੀਆਂ ਸਨ, ਜਦੋਂ ਟਰਾਲੇ ਨੇ ਬੱਸ ਨੂੰ ਟੱਕਰ ਮਾਰ ਦਿੱਤੀ। ਬੱਸ 'ਚ ਜ਼ਿਆਦਾਤਰ ਸਵਾਰੀਆਂ ਉਸਾਰੀ ਦਾ ਕੰਮ ਕਰਦੇ ਪਰਵਾਸੀ ਮਜ਼ਦੂਰ ਸਨ। ਟਰਾਲੇ ਦੇ ਡਰਾਈਵਰ ਨੂੰ ਗ੍ਰਿਫਤਾਰ ਕਰ ਲਿਆ ਗਿਆ।

ਫਰੀਦਾਬਾਦ-ਗੁਰੂਗ੍ਰਾਮ ਸੜਕ ਉਪਰ ਮਾਂਗਰ ਪੁਲਸ ਚੌਂਕੀ ਕੋਲ ਆਲਟੋ ਕਾਰ ਤੇ ਟਰਾਲੇ ਵਿਚਕਾਰ ਟੱਕਰ ਕਾਰਨ 6 ਨੌਜਵਾਨਾਂ ਦੀ ਮੌਤ ਹੋ ਗਈ। ਪਲਵਲ ਕੈਂਪ ਦੇ ਨੌਜਵਾਨ ਆਪਣੇ ਦੋਸਤ ਦੇ ਵਿਆਹ ਤੋਂ ਪਰਤ ਰਹੇ ਸਨ। ਦੁਰਘਟਨਾ ਰਾਤ 12 ਵਜੇ ਦੇ ਕਰੀਬ ਹੋਈ। ਮ੍ਰਿਤਕਾਂ ਦੀ ਪਛਾਣ ਸੰਦੀਪ, ਪੁਨੀਤ, ਬਲਜੀਤ, ਆਕਾਸ਼, ਵਿਸ਼ਾਲ ਤੇ ਜਤਿਨ ਵਜੋਂ ਹੋਈ ਹੈ। ਕਾਰ ਦੇ ਪਰਖੱਚੇ ਉੱਡ ਗਏ। ਟਰਾਲਾ ਚਾਲਕ ਫਰਾਰ ਹੋ ਗਿਆ। ਸਮਾਲਖਾ ਵਿਚ ਨੈਸ਼ਨਲ ਹਾਈਵੇਅ-44 'ਤੇ ਝਾਟੂਪਰ ਨੇੜੇ ਟਰੈਕਟਰ-ਟਰਾਲੀ ਹਾਦਸੇ ਵਿਚ ਤਿੰਨ ਔਰਤਾਂ ਦੀ ਮੌਤ ਹੋ ਗਈ ਤੇ 16 ਲੋਕ ਜ਼ਖਮੀ ਹੋ ਗਏ। ਉਹ ਚੁਲਕਾਨਾ ਪਿੰਡ ਵਿਚ ਖਟਾਊ ਸ਼ਿਆਮ ਧਾਮ ਵਿਖੇ ਮੱਥਾ ਟੇਕ ਕੇ ਪਿੰਡ ਉਝਾ ਪਰਤ ਰਹੇ ਸਨ।

# ਸ਼੍ਰੋਮਣੀ ਕਮੇਟੀ ਦੇ ਅਜਲਾਸ 'ਚ ਮੀਡੀਆ 'ਤੇ ਰੋਕ ਲੋਕਤੰਤਰ ਦੇ ਕਤਲ ਦੇ ਤੁੱਲ : ਪੱਟੀ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਨਰਲ ਅਜਲਾਸ ਦੀ ਮੀਡੀਆ ਨੂੰ ਕਵਰੇਜ ਕਰਨ ਤੋਂ ਰੋਕਣ ਦੀ ਕਰੜੇ ਸ਼ਬਦਾਂ ਵਿੱਚ ਨਿਖੇਧੀ ਕਰਦਿਆਂ ਚੰਡੀਗੜ੍ਹ ਪੰਜਾਬ ਜਰਨਲਿਸਟਸ ਐਸੋਸੀਏਸ਼ਨ ਦੇ ਪ੍ਰਧਾਨ ਜਸਬੀਰ ਸਿੰਘ ਪੱਟੀ ਨੇ ਕਿਹਾ ਕਿ ਇਹ ਵਧੀਕੀ ਬਾਬੇ ਨਾਨਕ ਦੇ ਫਲਸਫੇ ਦੇ ਪੂਰੀ ਤਰ੍ਹਾਂ ਉਲਟ ਹੈ ਤੇ ਲੋਕਤੰਤਰ ਦਾ ਕਤਲ ਕਰਨ ਦੇ ਤੁਲ ਹੈ। ਦੇਸ਼ ਦੀ ਪਾਰਲੀਮੈਂਟ 'ਤੇ ਵੱਖ-ਵੱਖ ਸੂਬਾਈ ਵਿਧਾਨ ਸਭਾਵਾਂ ਵਿੱਚ ਪੱਤਰਕਾਰਾਂ ਨੂੰ ਕਵਰੇਜ ਕਰਨ ਦੀ ਇਜਾਜ਼ਤ ਹੈ ਤਾਂ ਫਿਰ ਸਿੱਖਾਂ ਦੀ ਪਾਰਲੀਮੈਂਟ ਵਿੱਚ ਮੀਡੀਆ ਕਵਰੇਜ 'ਤੇ ਰੋਕ ਲਗਾਉਣਾ ਘੋਰ ਅਪਰਾਧਿਕ ਕਾਰਵਾਈ ਹੈ।

ਪੱਟੀ ਨੇ ਕਿਹਾ ਕਿ ਪਿਛਲੇ ਲੰਮੇ ਸਮੇਂ ਤੋਂ ਪੱਤਰਕਾਰਾਂ ਨੂੰ ਹਰ ਅਜਲਾਸ ਦੀ ਕਵਰੇਜ ਕਰਨ ਦੀ ਇਜਾਜ਼ਤ ਦਿੱਤੀ ਜਾਂਦੀ ਸੀ ਤੇ ਮਰਹੂਮ ਪ੍ਰਧਾਨ ਜਥੇਦਾਰ ਗੁਰਚਰਨ ਸਿੰਘ ਟੌਹੜਾ ਤਾਂ ਪੱਤਰਕਾਰਾਂ ਨੂੰ ਨਾਲ ਲੈ ਕੇ ਅਜਲਾਸ ਵਿੱਚ ਜਾਂਦੇ ਸਨ ਤੇ ਇੱਥੋਂ ਤੱਕ ਕਹਿੰਦੇ ਸਨ ਕਿ ਪੱਤਰਕਾਰਾਂ ਬਗੈਰ ਤਾਂ ਅਜਲਾਸ ਅਧੂਰਾ ਹੀ ਰਹੇਗਾ। ਅਜਲਾਸ ਦੀ ਕਵਰੇਜ ਕਰਨਾ ਪੱਤਰਕਾਰਾਂ ਦਾ ਆਪਣਾ ਕੋਈ ਨਿੱਜੀ ਹਿੱਤ ਨਹੀਂ, ਸਗੋਂ ਜਨਤਕ ਪ੍ਰਣਾਲੀ ਦਾ ਇੱਕ ਹਿੱਸਾ ਤੇ ਮੀਡੀਆ ਦਾ ਬੁਨਿਆਦੀ ਹੱਕ ਹੈ। ਪੱਤਰਕਾਰ ਲੋਕਾਂ ਤ

● ਬਾਕੀ ਸਫ਼ਾ 2 'ਤੇ

## ਮੋਦੀ ਲੋਕਤੰਤਰੀ ਢਾਂਚੇ ਨੂੰ ਤਬਾਹ ਕਰ ਰਹੇ : ਰਾਹੁਲ



**ਲੰਡਨ :** ਕਾਂਗਰਸ ਦੇ ਸਾਬਕਾ ਪ੍ਰਧਾਨ ਰਾਹੁਲ ਗਾਂਧੀ ਨੇ ਦਾਅਵਾ ਕੀਤਾ ਹੈ ਕਿ ਉਨ੍ਹਾ ਦੇ ਅਤੇ ਕਈ ਹੋਰ ਵਿਰੋਧੀ ਨੇਤਾਵਾਂ ਦੇ ਫੋਨਾਂ 'ਚ ਪੈਗਾਸਸ ਸਪਾਈਵੇਅਰ ਸੀ ਅਤੇ ਖੁਫੀਆ ਅਧਿਕਾਰੀਆਂ ਨੇ ਖੁਦ ਉਨ੍ਹਾ ਨੂੰ ਗੱਲ ਕਰਦੇ ਸਮੇਂ ਸਾਵਧਾਨ ਰਹਿਣ ਲਈ ਕਿਹਾ ਸੀ, ਕਿਉਂਕਿ ਉਨ੍ਹਾ ਦੀ ਗੱਲਬਾਤ ਰਿਕਾਰਡ ਕੀਤੀ ਜਾ ਸਕਦੀ ਸੀ। ਕੈਂਬਰਿਜ ਯੂਨੀਵਰਸਿਟੀ 'ਚ ਭਾਸ਼ਣ ਦੌਰਾਨ ਰਾਹੁਲ ਨੇ ਇਹ ਵੀ ਦੋਸ਼ ਲਾਇਆ ਕਿ ਭਾਰਤ 'ਚ ਲੋਕਤੰਤਰ 'ਤੇ ਹਮਲੇ ਹੋ ਰਹੇ ਹਨ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਭਾਰਤ ਦੇ ਲੋਕਤੰਤਰੀ ਢਾਂਚੇ ਨੂੰ ਤਬਾਹ ਕਰ ਰਹੇ ਹਨ।

## ਗੁਜਰਾਤ ਹਾਈ ਕੋਰਟ ਲਈ 7 ਜੱਜਾਂ ਦੇ ਨਾਵਾਂ ਦੀ ਸਿਫਾਰਸ਼

**ਨਵੀਂ ਦਿੱਲੀ :** ਚੀਫ ਜਸਟਿਸ ਡੀ ਵਾਈ ਚੰਦਰਚੂੜ ਦੀ ਅਗਵਾਈ ਵਾਲੇ ਸੁਪਰੀਮ ਕੋਰਟ ਕੌਲਿਜੀਅਮ ਨੇ ਗੁਜਰਾਤ ਹਾਈ ਕੋਰਟ 'ਚ ਜੱਜਾਂ ਵਜੋਂ ਨਿਯੁਕਤੀ ਲਈ ਪੰਜ ਨਿਆਂਇਕ ਅਧਿਕਾਰੀਆਂ ਅਤੇ ਦੋ ਵਕੀਲਾਂ ਦੇ ਨਾਵਾਂ ਦੀ ਸਿਫਾਰਸ਼ ਕੀਤੀ ਹੈ। ਕੌਲਿਜੀਅਮ 'ਚ ਜਸਟਿਸ ਸੰਜੇ ਕਿਸਨ ਕੌਲ ਅਤੇ ਕੇ ਐੱਮ ਜੋਸੇਫ ਵੀ ਸ਼ਾਮਲ ਹਨ। ਉਨ੍ਹਾਂ ਨੇ ਨਿਆਂਇਕ ਅਧਿਕਾਰੀਆਂ ਸੂਜ਼ਨ ਵੈਲੇਨਟਾਈਨ ਪਿੰਟੋ, ਹਸਮੁਖਭਾਈ ਦਲਸੁਖਭਾਈ ਸੁਥਾਰ, ਜਤਿੰਦਰ ਚੰਪਕਲਾਲ ਦੋਸ਼ੀ, ਮੰਗੇਸ਼ ਰਮੇਸ਼ਚੰਦਰ ਮੇਂਗਡੇ, ਦਿਵਯੇਸ਼ ਕੁਮਾਰ ਅਮਰੁਤਲਾਲ ਜੋਸ਼ੀ ਅਤੇ ਦੋ ਵਕੀਲਾਂ ਦੇਵਨ ਮਹਿੰਦਰਭਾਈ ਦੇਸਾਈ ਤੇ ਮੋਕਸ਼ਾ ਕਿਰਨ ਠੱਕਰ ਦੇ ਨਾਵਾਂ ਦੀ ਸਿਫਾਰਸ਼ ਕੀਤੀ ਹੈ।

## ਵਿਕਾਸ ਤੇ ਪੰਚਾਇਤ ਦਫਤਰਾਂ 'ਚ ਬਾਇਓ ਮੈਟ੍ਰਿਕ ਹਾਜ਼ਰੀ ਦੀ ਸ਼ੁਰੂਆਤ

**ਮੁਹਾਲੀ :** ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਵੱਲੋਂ ਸ਼ੁੱਕਰਵਾਰ ਬਲਾਕ ਵਿਕਾਸ ਤੇ ਪੰਚਾਇਤ ਦਫਤਰ ਤੋਂ ਅਧਿਕਾਰੀਆਂ ਤੇ ਕਰਮਚਾਰੀਆਂ ਦੀ ਬਾਇਓ ਮੈਟ੍ਰਿਕ ਹਾਜ਼ਰੀ ਲਗਾਉਣ ਦੀ ਸ਼ੁਰੂਆਤ ਕਰਵਾਈ ਗਈ । ਇਸ ਮੌਕੇ ਉਨ੍ਹਾ ਕਰਮਚਾਰੀਆਂ ਨੂੰ ਕਿਹਾ ਕਿ ਦਫਤਰਾਂ 'ਚ ਸਵੇਰੇ 9 ਵਜੇ ਤੋਂ ਸ਼ਾਮ 5 ਵਜੇ ਤੱਕ ਹਾਜ਼ਰ ਰਹਿਣ ਨੂੰ ਯਕੀਨੀ ਬਣਾਇਆ ਜਾਵੇ। ਇਸ ਦੌਰਾਨ ਉਨ੍ਹਾ ਨੇ ਕਰਮਚਾਰੀਆਂ ਨੂੰ ਲੋਕਾਂ ਦੇ ਕੰਮ ਬੇਰੋਕ ਕਰਨ ਦੀ ਹਦਾਇਤ ਦਿੱਤੀ।

ਮੀਡੀਆ ਨਾਲ ਗੱਲਬਾਤ ਕਰਦੇ ਹੋਏ ਕੁਲਦੀਪ ਸਿੰਘ ਧਾਲੀਵਾਲ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸੂਬੇ ਦੇ ਲੋਕਾਂ ਨੂੰ ਸਹੂਲਤਾਂ ਪ੍ਰਦਾਨ ਕਰਨ ਲਈ ਲਗਾਤਾਰ ਯਤਨ ਕਰ ਰਹੀ ਹੈ । ਇਸੇ ਲੜੀ ਤਹਿਤ ਬਲਾਕ ਵਿਕਾਸ ਤੇ ਪੰਚਾਇਤ ਦਫਤਰ ਤੋਂ ਕਰਮਚਾਰੀਆਂ ਦੀ ਬਾਇਓ ਮੈਟ੍ਰਿਕ ਹਾਜ਼ਰੀ ਲਗਾਉਣ ਦੀ ਸ਼ੁਰੂਆਤ ਕੀਤੀ ਗਈ ਹੈ ਤਾਂ ਜੋ ਲੋਕਾਂ ਨੂੰ ਖੱਜਲ ਖੁਆਰੀ ਤੋਂ ਬਚਾਇਆ ਜਾ ਸਕੇ ਤੇ ਲੋਕਾਂ ਦਾ ਕੰਮ ਸਮੇਂ ਸਿਰ ਹੋ ਸਕੇ। ਉਨ੍ਹਾ ਕਿਹਾ ਸ਼ੋਸਲ ਮੀਡੀਆ ਅਤੇ ਲੋਕਾਂ ਦੁਆਰਾ ਸ਼ਿਕਾਇਤਾਂ ਪ੍ਰਾਪਤ ਹੋਈਆਂ ਸਨ ਕਿ ਵੱਖ-ਵੱਖ ਦਫਤਰਾਂ ਦਾ ਸਟਾਫ ਟਾਈਮ 'ਤੇ ਹਾਜ਼ਰ ਨਹੀਂ ਹੁੰਦਾ। ਉਨ੍ਹਾ ਕਿਹਾ ਕਿ ਇਸ ਤਰ੍ਹਾਂ ਦਫਤਰ ਦੇ ਕਰਮਚਾਰੀਆਂ ਦੀ ਹਾਜ਼ਰੀ ਦਾ ਰਿਕਾਰਡ ਰੱਖਿਆ ਜਾਵੇਗਾ ਅਤੇ ਦਫਤਰ ਲੇਟ ਪਹੁੰਚਣ ਵਾਲੇ ਕਰਮਚਾਰੀਆਂ ਤੇ ਅਧਿਕਾਰੀਆਂ ਵਿਰੁੱਧ ਕਾਰਵਾਈ ਕੀਤੀ ਜਾਵੇਗੀ।

## ਸ਼ਾਹਰੁਖ ਦੇ ਘਰ ਦੀ ਕੰਧ ਟੱਪਣ ਵਾਲੇ ਦੋ ਗ੍ਰਿਫਤਾਰ

**ਨਵੀਂ ਦਿੱਲੀ :** ਗੁਜਰਾਤ ਦੇ ਦੋ ਨੌਜਵਾਨਾਂ ਨੂੰ ਹਿਰਾਸਤ 'ਚ ਲੈ ਲਿਆ ਗਿਆ ਜਦੋਂ ਉਹ ਬਾਲੀਵੁੱਡ ਸੁਪਰਸਟਾਰ ਸ਼ਾਹਰੁਖ ਖਾਨ ਦੇ ਬੰਗਲੇ ਮੰਨਤ ਦੀ ਕੰਧ ਟੱਪ ਕੇ ਅੰਦਰ ਦਾਖਲ ਹੋਣ 'ਚ ਕਾਮਯਾਬ ਹੋ ਗਏ।

ਬਾਂਦਰਾ ਪੁਲਸ ਦੇ ਅਧਿਕਾਰੀ ਅਨੁਸਾਰ 19 ਤੋਂ 20 ਸਾਲ ਦੀ ਉਮਰ ਦੇ ਨੌਜਵਾਨਾਂ ਨੂੰ ਸੁਰੱਖਿਆ ਕਰਮਚਾਰੀਆਂ ਨੇ ਫੜ ਲਿਆ। ਪੁੱਛ ਪੜਤਾਲ ਦੌਰਾਨ ਉਨ੍ਹਾਂ ਦੱਸਿਆ ਕਿ ਉਹ ਅਦਾਕਾਰ ਨੂੰ ਮਿਲਣਾ ਚਾਹੁੰਦੇ ਸਨ। ਪੁਲਸ ਨੇ ਉਨ੍ਹਾਂ ਖਿਲਾਫ ਭਾਰਤੀ ਦੰਡਾਵਲੀ ਦੇ ਤਹਿਤ ਘੁਸਪੈਠ ਅਤੇ ਹੋਰ ਸੰਬੰਧਤ ਅਪਰਾਧਾਂ ਦਾ ਮਾਮਲਾ ਦਰਜ ਕਰ ਲਿਆ ਹੈ।

## ਅੱਜ-ਨਾਮਾ

ਅਮਿਤ ਸ਼ਾਹ ਨੂੰ ਮਾਨ ਭਗਵੰਤ ਮਿਲਿਆ,
ਮੀਟਿੰਗ ਸਿਰਫ ਹੈ ਦੋਵਾਂ ਦੀ ਹੋਈ ਬੇਲੀ।
ਮੰਗ ਲਈ ਮਾਨ ਨੇ ਕੇਂਦਰੀ ਹੋਰ ਫੋਰਸ,
ਗੱਲ ਵਿੱਚ ਮੰਗ ਸੀ ਮਾਨ ਪਰੋਈ ਬੇਲੀ।
ਅਮਿਤ ਸ਼ਾਹ ਨੇ ਅੱਗੋਂ ਨਹੀਂ ਅੜੀ ਕੀਤੀ,
ਮੰਨਿਆ ਦੇਵਣਾ ਜੋ ਮੰਗਿਆ ਸੋਈ ਬੇਲੀ।
ਫਿਰ ਵੀ ਬਾਹਰ ਹੈ ਆਮ ਪ੍ਰਭਾਵ ਇਹੀ,
ਅੰਦਰ ਦੀ ਗੱਲ ਹੈ ਦੋਵਾਂ ਲੁਕੋਈ ਬੇਲੀ।
ਅਮਨ-ਕਾਨੂੰਨ ਦੀ ਅਸਲ ਸੀ ਬਾਤ ਵੱਡੀ,
ਕਿਹਾ ਕੀ ਮਾਨ, ਕੀ ਬੋਲਿਆ ਸ਼ਾਹ ਬੇਲੀ।
ਸਿਆਣੇ ਕਹਿੰਦੇ ਆ ਚਾਹ ਨੂੰ ਰਾਹ ਹੁੰਦੀ,
ਕਿਹੜਾ ਚਾਹ 'ਚੋਂ ਨਿਕਲਿਆ ਰਾਹ ਬੇਲੀ।

-ਤੀਸ ਮਾਰ ਖਾਂ

# ਸਿੰਗਾਪੁਰ ਲਈ ਪ੍ਰਿੰਸੀਪਲਾਂ ਦੇ ਦੂਜੇ ਬੈਚ ਨੂੰ ਮਾਨ ਨੇ ਦਿਖਾਈ ਹਰੀ ਝੰਡੀ



**ਚੰਡੀਗੜ੍ਹ (ਗੁਰਜੀਤ ਬਿੱਲਾ)**

ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਸੂਬਾ ਸਿੱਖਿਆ ਖੇਤਰ ਵਿੱਚ ਕ੍ਰਾਂਤੀਕਾਰੀ ਤਬਦੀਲੀ ਦਾ ਗਵਾਹ ਬਣੇਗਾ, ਜਿਸ ਨਾਲ ਵਿਦਿਆਰਥੀ ਆਪਣੇ ਉੱਜਵਲ ਭਵਿੱਖ ਦੀ ਸਿਰਜਣਾ ਕਰ ਸਕਣਗੇ।

ਇੱਥੇ ਮਗਸੀਪਾ ਵਿਖੇ ਅਧਿਆਪਕਾਂ ਦੇ ਦੂਜੇ ਬੈਚ ਨੂੰ ਸਿੰਗਾਪੁਰ ਸਿਖਲਾਈ ਲਈ ਹਰੀ ਝੰਡੀ ਦਿਖਾ ਕੇ ਰਵਾਨਾ ਕਰਨ ਮੌਕੇ ਮੁੱਖ ਮੰਤਰੀ ਨੇ ਕਿਹਾ ਕਿ ਸਿਖਲਾਈ ਦੌਰਾਨ ਇਨ੍ਹਾਂ ਅਧਿਆਪਕਾਂ ਨੂੰ ਵਿਦੇਸ਼ਾਂ ਵਿੱਚ ਪ੍ਰਚੱਲਤ ਆਧੁਨਿਕ ਅਧਿਆਪਨ ਅਭਿਆਸਾਂ ਦੀ ਸਿਖਲਾਈ ਦਿੱਤੀ ਜਾਵੇਗੀ। ਵਾਪਸੀ ਤੋਂ ਬਾਅਦ ਇਹ ਅਧਿਆਪਕ ਵਿਦਿਆਰਥੀਆਂ ਅਤੇ ਆਪਣੇ ਸਾਥੀ ਅਧਿਆਪਕਾਂ ਨਾਲ ਇਨ੍ਹਾਂ ਅਭਿਆਸਾਂ ਨੂੰ ਸਾਂਝਾ ਕਰਨਗੇ ਅਤੇ ਇਹ ਯਕੀਨੀ ਬਣਾਉਣਗੇ ਕਿ ਵਿਦਿਆਰਥੀ ਵਿਦੇਸ਼ਾਂ ਵਿੱਚ ਪੜ੍ਹਾਈ ਦੇ ਪੈਟਰਨ ਤੋਂ ਜਾਣੂ ਹੋ ਸਕਣ। ਭਗਵੰਤ ਮਾਨ ਨੇ ਕਲਪਨਾ ਕੀਤੀ ਕਿ ਇਸ ਨਾਲ ਸੂਬੇ ਦੇ ਵਿਦਿਆਰਥੀ ਵਿਦੇਸ਼ਾਂ ਵਿੱਚ ਪੜ੍ਹੇ-ਲਿਖੇ ਆਪਣੇ ਸਾਥੀਆਂ ਦਾ ਮੁਕਾਬਲਾ ਕਰਨ ਦੇ ਯੋਗ ਹੋਣਗੇ ਮੁੱਖ ਮੰਤਰੀ ਨੇ ਕਿਹਾ ਕਿ ਇਹ ਬੜੇ ਮਾਣ ਅਤੇ ਤਸੱਲੀ ਵਾਲੀ ਗੱਲ ਹੈ ਕਿ ਇਨ੍ਹਾਂ ਵਿੱਚੋਂ ਜ਼ਿਆਦਾਤਰ ਅਧਿਆਪਕ ਰਾਜ ਜਾਂ ਕੌਮੀ ਪੁਰਸਕਾਰ ਐਵਾਰਡੀ ਹਨ ਅਤੇ ਸਿੱਖਿਆ ਦੇ ਖੇਤਰ ਵਿੱਚ ਆਪਣਾ ਵੱਖਰਾ ਸਥਾਨ ਬਣਾ ਚੁੱਕੇ ਹਨ। ਉਹਨਾ ਕਿਹਾ ਕਿ ਇਨ੍ਹਾਂ ਸਾਰੇ ਯਤਨਾਂ ਦਾ ਇੱਕੋ ਇੱਕ ਉਦੇਸ਼ ਨੌਜਵਾਨਾਂ ਨੂੰ ਸੂਬੇ ਦੇ ਸਮਾਜਿਕ-ਆਰਥਿਕ ਵਿਕਾਸ ਵਿੱਚ ਸਰਗਰਮ ਭਾਈਵਾਲ ਬਣਾ ਕੇ ਹੁਨਰ ਦੀ ਹਿਜਰਤ ਦੇ ਰੁਝਾਨ ਨੂੰ ਉਲਟਾਉਣਾ ਹੈ।

ਉਹਨਾ ਕਿਹਾ ਕਿ ਸਿੰਗਾਪੁਰ ਦਾ ਦੌਰਾ ਸਿੱਖਿਆ ਦੇ ਖੇਤਰ ਵਿੱਚ ਅਧਿਆਪਕਾਂ ਦੇ ਪੇਸ਼ੇਵਰ ਗਿਆਨ ਅਤੇ ਮੁਹਾਰਤ ਵਿੱਚ ਵਾਧਾ ਕਰੇਗਾ। ਸੂਬਾ ਸਰਕਾਰ ਵੱਲੋਂ ਆਪਣੀ ਕਿਸਮ ਦੀ ਇਹ ਪਹਿਲੀ ਪਹਿਲਕਦਮੀ ਅਧਿਆਪਕਾਂ ਦੀ ਵਿਦੇਸ਼ ਜਾ ਕੇ ਸਿਖਲਾਈ ਲਈ ਰਾਜ ਯੋਜਨਾ ਦਾ ਹਿੱਸਾ ਹੈ, ਜਿਸ ਨੂੰ ਮੰਤਰੀ ਮੰਡਲ ਵੱਲੋਂ ਮਨਜ਼ੂਰੀ ਦਿੱਤੀ ਗਈ ਹੈ।

ਉਨ੍ਹਾ ਕਲਪਨਾ ਕੀਤੀ ਕਿ ਇਹ ਪਹਿਲਕਦਮੀ ਰਾਜ ਵਿੱਚ ਸਿੱਖਿਆ ਪ੍ਰਣਾਲੀ ਦੇ ਸੁਧਾਰ ਲਈ ਇੱਕ ਮੀਲ ਪੱਥਰ ਸਾਬਤ ਹੋਵੇਗੀ।

ਉਹਨਾ ਕਿਹਾ ਕਿ ਉਹ ਦਿਨ ਦੂਰ ਨਹੀਂ, ਜਦੋਂ ਇਨ੍ਹਾਂ ਯਤਨਾਂ ਸਦਕਾ ਪੰਜਾਬ ਜਲਦ ਹੀ ਸਿੱਖਿਆ ਦੇ ਖੇਤਰ ਵਿੱਚ ਮੋਹਰੀ ਸੂਬਾ ਬਣ ਕੇ ਉੱਭਰੇਗਾ।

ਜੇਹਾ ਚੀਰੀ ਲਿਖਿਆ ਤੇਹਾ ਹੁਕਮੁ ਕਮਾਹਿ॥
ਘਲੇ ਆਵਹਿ ਨਾਨਕਾ ਸਦੇ ਉਠੀ ਜਾਹਿ॥



ਆਪ ਜੀ ਨੂੰ ਬੜੇ ਦੁਖੀ ਹਿਰਦੇ ਨਾਲ ਸੂਚਿਤ ਕੀਤਾ ਜਾਂਦਾ ਹੈ ਕਿ ਸਾਡੇ ਸਤਿਕਾਰਯੋਗ
ਸ਼੍ਰੀਮਤੀ ਮਨਜੀਤ ਕੌਰ
ਮਿਤੀ 24 ਫਰਵਰੀ 2023 ਨੂੰ ਗੁਰੂ ਚਰਨਾ ਵਿੱਚ ਜਾ ਬਿਰਾਜੇ ਸਨ।
ਉਹਨਾਂ ਦੀ ਆਤਮਿਕ ਸਾਂਤੀ ਲਈ ਰੱਖੇ ਗਏ
ਪਾਠ ਦਾ ਭੋਗ ਅਤੇ ਅੰਤਿਮ ਅਰਦਾਸ
ਮਿਤੀ 05 ਮਾਰਚ 2023 (ਐਤਵਾਰ) ਸਮਾਂ ਦੁਪਹਿਰ 12:00 ਤੋਂ 01:00 ਵਜੇ ਤੱਕ
ਸਥਾਨ: ਬਾਬਾ ਵਿਸ਼ਵਕਰਮਾ ਧਰਮਸ਼ਾਲਾ
ਮੋਗਾ ਰੋਡ, ਕੋਟਕਪੂਰਾ ਵਿਖੇ ਹੋਵੇਗੀ।
ਆਪ ਜੀ ਨੇ ਅੰਤਿਮ ਅਰਦਾਸ ਵਿੱਚ ਸ਼ਾਮਿਲ ਹੋਣ ਦੀ ਕ੍ਰਿਪਾਲਤਾ ਕਰਨੀ।
ਸਤਿਗੁਰੂ ਦੇ ਭਾਣੇ ਵਿੱਚ
ਕੁਲਵੰਤ ਸਿੰਘ ਚਾਨੀ (ਪਤੀ)
ਅਵਤਾਰ ਸਿੰਘ ਚਾਨੀ-ਚਰਨਜੀਤ ਕੌਰ (ਸਪੁੱਤਰ-ਨੂੰਹ)
ਸਮੂਹ ਪਰਿਵਾਰ ਅਤੇ ਰਿਸ਼ਤੇਦਾਰ
98142-23930, 98558-24930

ਨਵਾਂ ਜ਼ਮਾਨਾ
ਸ਼ਨੀਵਾਰ, 4 ਮਾਰਚ 2023

# ਮਮਤਾ 'ਤੇ ਮੋਦੀ ਦੇ ਮਿੱਤਰਾਂ ਦੀ ਮਿਹਰ

ਐਸੋਸੀਏਸ਼ਨ ਫਾਰ ਡੈਮੋਕਰੇਟਿਕ ਰਿਫਾਰਮ ਨਾਮੀ ਸੰਸਥਾ ਨੇ ਪਿਛਲੇ ਸਮੇਂ ਦੌਰਾਨ 8 ਕੌਮੀ ਪਾਰਟੀਆਂ ਨੂੰ ਮਿਲੇ ਫੰਡਾਂ ਤੇ ਹੋਰ ਸੂਤਰਾਂ ਰਾਹੀਂ ਹੋਈ ਆਮਦਨ ਬਾਰੇ ਆਪਣੀ ਰਿਪੋਰਟ ਪੇਸ਼ ਕੀਤੀ ਹੈ। ਇਸ ਰਿਪੋਰਟ ਮੁਤਾਬਕ ਵਿੱਤੀ ਸਾਲ 2021-22 ਦੌਰਾਨ ਇਨ੍ਹਾਂ ਪਾਰਟੀਆਂ ਨੂੰ ਕੁੱਲ 3289.34 ਕਰੋੜ ਰੁਪਏ ਦੀ ਆਮਦਨ ਹੋਈ ਸੀ। ਇਨ੍ਹਾਂ ਵਿੱਚੋਂ ਅੱਧੇ ਤੋਂ ਵੱਧ ਭਾਜਪਾ ਦੇ ਖਾਤੇ ਵਿੱਚ ਗਈ ਹੈ।

ਰਿਪੋਰਟ ਮੁਤਾਬਕ 2021-22 ਦੌਰਾਨ ਭਾਜਪਾ ਨੂੰ ਸਭ ਤੋਂ ਵੱਧ 1917.12 ਕਰੋੜ ਰੁਪਏ ਦੀ ਆਮਦਨ ਹੋਈ ਸੀ। ਇਹ ਅੱਠ ਕੌਮੀ ਪਾਰਟੀਆਂ ਨੂੰ ਹੋਈ ਆਮਦਨ ਦਾ 58.28 ਫ਼ੀਸਦੀ ਬਣਦਾ ਹੈ। ਇਸ ਤੋਂ ਪਹਿਲੇ ਵਿੱਤੀ ਸਾਲ (2020-21) ਵਿੱਚ ਭਾਜਪਾ ਨੂੰ 752.33 ਕਰੋੜ ਰੁਪਏ ਦੀ ਆਮਦਨ ਹੋਈ ਸੀ। ਇਸ ਤਰ੍ਹਾਂ ਹੁਣ ਇਹ ਦੁਗਣੇ ਤੋਂ ਵੱਧ ਹੋ ਗਈ ਹੈ। ਭਾਜਪਾ ਦੀ 1917.12 ਕਰੋੜ ਰੁਪਏ ਦੀ ਆਮਦਨ ਵਿੱਚੋਂ 54 ਫੀਸਦੀ ਉਸ ਨੂੰ ਕਾਰਪੋਰੇਟਾਂ ਵੱਲੋਂ ਦਿੱਤੇ ਗਏ ਚੋਣ ਬਾਂਡ ਫੰਡ ਰਾਹੀਂ ਮਿਲੇ ਸਨ।

ਭਾਜਪਾ ਤੋਂ ਬਾਅਦ ਆਮਦਨ ਦੇ ਹਿਸਾਬ ਨਾਲ ਦੂਜੀ ਥਾਂ ਤ੍ਰਿਣਮੂਲ ਕਾਂਗਰਸ ਹੈ। ਤ੍ਰਿਣਮੂਲ ਕਾਂਗਰਸ ਦੀ 2021-22 ਵਿੱਚ ਆਮਦਨ 545.74 ਕਰੋੜ ਰੁਪਏ ਹੋਈ ਹੈ। ਇਹ ਪਿਛਲੇ ਵਿੱਤੀ ਸਾਲ ਦੀ 74.41 ਕਰੋੜ ਰੁਪਏ ਦੀ ਆਮਦਨ ਨਾਲੋਂ ਸੱਤ ਗੁਣਾ ਵੱਧ ਹੈ। ਤ੍ਰਿਣਮੂਲ ਕਾਂਗਰਸ ਨੂੰ ਕਰੀਬ 97 ਫ਼ੀਸਦੀ ਆਮਦਨ ਚੋਣ ਬਾਂਡਾਂ ਰਾਹੀਂ ਪ੍ਰਾਪਤ ਹੋਈ ਹੈ। ਇਸ ਸੂਚੀ ਵਿੱਚ ਤੀਜੇ ਨੰਬਰ ਉੱਤੇ ਕਾਂਗਰਸ ਪਾਰਟੀ ਆਉਂਦੀ ਹੈ, ਜਿਸ ਨੂੰ ਇਸ ਅਰਸੇ ਦੌਰਾਨ 541.27 ਕਰੋੜ ਰੁਪਏ ਦੀ ਆਮਦਨ ਹੋਈ ਸੀ। ਚੋਣ ਬਾਂਡਾਂ ਰਾਹੀਂ ਕਾਰਪੋਰੇਟਾਂ ਵੱਲੋਂ ਭਾਜਪਾ ਨੂੰ 1033,70 ਕਰੋੜ ਰੁਪਏ, ਤ੍ਰਿਣਮੂਲ ਕਾਂਗਰਸ ਨੂੰ 528.103 ਕਰੋੜ ਰੁਪਏ, ਕਾਂਗਰਸ ਪਾਰਟੀ ਨੂੰ 236.0995 ਕਰੋੜ ਰੁਪਏ ਤੇ ਨੈਸ਼ਨਲਿਸਟ ਕਾਂਗਰਸ ਪਾਰਟੀ ਨੂੰ 14 ਕਰੋੜ ਰੁਪਏ ਮਿਲੇ ਸਨ।

ਇਸ ਸੂਚੀ ਵਿੱਚ ਚਾਰ ਹੋਰ ਕੌਮੀ ਪਾਰਟੀਆਂ ਸੀ ਪੀ ਆਈ (ਐੱਮ), ਸੀ ਪੀ ਆਈ, ਬਹੁਜਨ ਸਮਾਜ ਪਾਰਟੀ ਤੇ ਨੈਸ਼ਨਲ ਪੀਪਲਜ਼ ਪਾਰਟੀ ਹਨ, ਜਿਨ੍ਹਾਂ ਨੂੰ ਕਾਰਪੋਰੇਟਾਂ ਵੱਲੋਂ ਕੋਈ ਫੰਡ ਨਹੀਂ ਮਿਲਿਆ। ਇਸ ਦੌਰਾਨ ਐੱਨ ਪੀ ਪੀ (ਪੂਰਬੀ ਰਾਜਾਂ ਦੀ ਪਾਰਟੀ) ਦੀ ਆਮਦਨ 32.38 ਫ਼ੀਸਦੀ, ਬਸਪਾ ਦੀ 16.56 ਫੀਸਦੀ ਤੇ ਸੀ ਪੀ ਆਈ (ਐੱਮ) ਦੀ 5.15 ਫੀਸਦੀ ਘਟੀ ਹੈ, ਜਦੋਂ ਕਿ ਸੀ ਪੀ ਆਈ ਦੀ 2.12 ਕਰੋੜ ਤੋਂ ਵਧ ਕੇ 2.87 ਕਰੋੜ ਹੋਈ ਹੈ।

ਰਿਪੋਰਟ ਵਿੱਚ ਇਨ੍ਹਾਂ ਪਾਰਟੀਆਂ ਵੱਲੋਂ ਕੀਤੇ ਗਏ ਖਰਚ ਦਾ ਵੀ ਬਿਓਰਾ ਦਿੱਤਾ ਗਿਆ ਹੈ। ਭਾਜਪਾ ਨੇ ਆਪਣੀ ਆਮਦਨ ਦਾ ਸਿਰਫ਼ 44.57 ਫੀਸਦੀ, ਯਾਨੀ 854.46 ਕਰੋੜ ਖਰਚਿਆ ਹੈ। ਤ੍ਰਿਣਮੂਲ ਕਾਂਗਰਸ ਨੇ ਆਪਣੀ ਆਮਦਨ ਦਾ 49.17 ਫ਼ੀਸਦੀ, ਯਾਨੀ 268.33 ਕਰੋੜ ਰੁਪਏ ਖਰਚ ਕੀਤਾ ਹੈ। ਕਾਂਗਰਸ ਪਾਰਟੀ ਨੇ ਆਪਣੀ ਆਮਦਨ ਦਾ 73.98 ਫੀਸਦੀ ਖ਼ਰਚ ਕੀਤਾ ਹੈ। ਭਾਜਪਾ ਦਾ ਮੁੱਖ ਖਰਚਾ ਚੋਣ ਪ੍ਰਚਾਰ ਤੇ ਆਮ ਪ੍ਰਚਾਰ ਉੱਤੇ ਹੋਇਆ ਹੈ, ਜੋ 645.85 ਕਰੋੜ ਰੁਪਏ ਬਣਦਾ ਹੈ। ਇਸ ਤੋਂ ਇਲਾਵਾ ਉਸ ਨੇ 133.316 ਕਰੋੜ ਰੁਪਏ ਆਪਣੇ ਸੰਗਠਨ ਤੇ ਦਫ਼ਤਰੀ ਕੰਮਾਂ ਉੱਤੇ ਖਰਚਿਆ ਹੈ।

ਤ੍ਰਿਣਮੂਲ ਕਾਂਗਰਸ ਨੇ ਚੋਣ ਪ੍ਰਚਾਰ ਉਤੇ 135.12 ਕਰੋੜ ਰੁਪਏ ਖਰਚ ਕੀਤੇ ਸਨ। ਕਾਂਗਰਸ ਪਾਰਟੀ ਨੇ 279.737 ਕਰੋੜ ਰੁਪਏ ਚੋਣ ਪ੍ਰਚਾਰ ਉੱਤੇ ਖਰਚੇ ਸਨ ਤੇ ਪਾਰਟੀ ਲੋੜਾਂ ਲਈ 90.12 ਕਰੋੜ ਰੁਪਏ ਖਰਚੇ ਸਨ। ਰਿਪੋਰਟ ਮੁਤਾਬਕ ਬੀਤੇ ਦੋ ਵਿੱਤੀ ਸਾਲਾਂ ਦੌਰਾਨ ਭਾਜਪਾ ਦੀ ਆਮਦਨ 'ਚ 154.82 ਫੀਸਦੀ ਤੇ ਕਾਂਗਰਸ ਪਾਰਟੀ ਦੀ ਆਮਦਨ ਵਿੱਚ 89.41 ਫ਼ੀਸਦੀ ਦਾ ਵਾਧਾ ਹੋਇਆ ਹੈ।

ਇਸ ਸਾਰੀ ਰਿਪੋਰਟ ਵਿੱਚ ਸਭ ਤੋਂ ਹੈਰਾਨ ਕਰਨ ਵਾਲਾ ਅੰਕੜਾ ਤ੍ਰਿਣਮੂਲ ਕਾਂਗਰਸ ਦਾ ਹੈ, ਜਿਸ ਦੀ ਆਮਦਨ ਵਿੱਚ 2021-22 ਦੌਰਾਨ ਸੱਤ ਗੁਣਾ ਵਾਧਾ ਹੋਇਆ ਤੇ ਉਹ ਵੀ 97 ਫ਼ੀਸਦੀ ਚੋਣ ਬਾਂਡਾਂ ਰਾਹੀਂ। ਸਪੱਸ਼ਟ ਤੌਰ ਉੱਤੇ ਮੋਦੀ ਦੇ ਕਾਰਪੋਰੇਟ ਮਿੱਤਰਾਂ ਵੱਲੋਂ ਤ੍ਰਿਣਮੂਲ ਕਾਂਗਰਸ ਉੱਤੇ ਧਨ ਦੀ ਵਰਖਾ ਪਿੱਛੇ ਇੱਕ ਮਕਸਦ ਸੀ, ਉਹ ਸੀ ਗੋਆ ਅਸੰਬਲੀ ਚੋਣਾਂ ਵਿੱਚ ਭਾਜਪਾ ਦੀ ਬੇੜੀ ਨੂੰ ਪਾਰ ਲਾਉਣਾ। ਤ੍ਰਿਣਮੂਲ ਨੇ ਵੀ ਵਾਅਦਾ ਨਿਭਾਉਂਦਿਆਂ ਚੋਣਾਂ ਵਿੱਚ 135.12 ਕਰੋੜ ਦੀ ਵੱਡੀ ਰਕਮ ਖਰਚ ਕਰਕੇ ਭਾਜਪਾ ਦੀ ਬੀ ਟੀਮ ਬਣਨ ਦਾ ਫ਼ਰਜ਼ ਨਿਭਾਅ ਦਿੱਤਾ, ਕਿਉਂਕਿ ਇਸ ਅਰਸੇ ਦੌਰਾਨ ਪੱਛਮੀ ਬੰਗਾਲ ਵਿੱਚ ਤਾਂ ਕੋਈ ਵੱਡੀ ਚੋਣ ਹੋਈ ਹੀ ਨਹੀਂ।

-ਚੰਦ ਫਤਿਹਪੁਰੀ

# ਪੰਜਾਬ ਨੂੰ ਸੌੜੇ ਰਾਜਸੀ ਝੱਖੜ ਤੋਂ ਬਚਾਉਣ ਦੀ ਹੈ ਲੋੜ

**ਭਾਜਪਾ ਦੀ ਤੀਸਰੀ ਚਾਲ ਪੰਜਾਬ ਵਿੱਚ ਗਵਰਨਰੀ ਰਾਜ ਕਰਕੇ ਆਪਣੀ ਮਨਮਾਨੀ ਚਲਾਉਣ ਅਤੇ 2024 ਦੀ ਸੰਸਦੀ ਚੋਣ ਵਿੱਚ ਲਾਭ ਲੈਣ ਦੀ ਹੈ। ਇਸ ਉਦੇਸ਼ ਤਹਿਤ ਗਵਰਨਰ ਪੰਜਾਬ ਵੱਲੋਂ ਬਜਟ ਸਮਾਗਮ ਬਾਰੇ ਬੇਲੋੜੇ ਸਵਾਲ ਖੜ੍ਹੇ ਕਰਕੇ ਮੱਤਭੇਦ ਵਧਾਏ ਜਾ ਰਹੇ ਹਨ। ਉਧਰ ਆਪ ਦੇ ਦਿੱਲੀ ਵਾਲੇ ਆਗੂ ਮੁੱਖ ਮੰਤਰ ਭਗਵੰਤ ਮਾਨ ਨੂੰ ਗਵਰਨਰ ਦੀਆਂ ਪੁੱਛਾਂ ਦੇ ਉਤਰ ਜਨਤਕ ਕਰਨ ਨੂੰ ਹੱਲਾਸ਼ੇਰੀ ਦੇ ਰਹੇ ਹਨ, ਜਦ ਕਿ ਪੱਤਰ ਦਾ ਉਤਰ ਪੱਤਰ ਰਾਹੀਂ ਹੀ ਦਿੱਤਾ ਜਾਣਾ ਚਾਹੀਦਾ ਹੈ।**



ਜਗੀਰ ਸਿੰਘ ਜਗਤਾਰ

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਕੇਂਦਰ ਦੀ ਸਰਕਾਰ ਨੂੰ ਇਸ ਸਮੇਂ ਪੰਜਾਬ ਬਹੁਤ ਉਪਰਾਮ ਕਰ ਰਿਹਾ ਹੈ। ਉਹ ਇਸ ਨੂੰ ਆਪਣੀ ਇੱਕ ਅਧਿਕਾਰਵਾਦੀ ਰਾਜਸੀ ਸੋਚ ਅਤੇ ਧਨਕੁਬੇਰਾਂ, ਬਹੁਕੌਮੀ ਕਾਰਪੋਰੇਸ਼ਨਾਂ ਪੱਖੀ ਆਰਥਿਕ ਨੀਤੀਆਂ ਦੇ ਰਾਹ ਵਿੱਚ ਰੋੜਾ ਸਮਝਦੀ ਹੈ। ਇਸ ਸੂਬੇ ਵਿੱਚ ਵਿਰੋਧੀ ਪਾਰਟੀ 'ਆਪ' ਦਾ ਰਾਜ ਹੋਣਾ ਵੀ ਮੋਦੀ ਦੇ 'ਡਬਲ ਇੰਜਣ' ਦੇ ਨਾਹਰੇ ਦੇ ਵਿਪਰੀਤ ਹੈ, ਪਰ ਇਸ ਦੀ ਵਧੇਰੇ ਚਿੰਤਾ ਨਹੀਂ, ਕਿਉਂਕਿ 'ਆਪ' ਦੀ ਪਾਏਦਾਰ ਨੀਤੀ ਦਾ ਮੁਹਾਣ ਅਤੇ ਸੰਘਰਸ਼ੀ ਰਵਾਇਤਾਂ ਦੀ ਹੈ। ਇਸ ਸਥਿਤੀ ਨਾਲ ਨਜਿੱਠਣ ਲਈ ਭਾਜਪਾ ਨੇ ਆਪਣੀ ਕੇਂਦਰੀ ਸਰਕਾਰ ਦੇ ਬਲਬੂਤੇ ਕਈ ਪੱਖਾਂ ਤੋਂ ਜਾਲ ਵਿਛਾਉਣੇ ਸ਼ੁਰੂ ਕੀਤੇ ਹੋਏ ਹਨ। ਉਹ ਹਰ ਹੀਲੇ ਪੰਜਾਬ ਨੂੰ ਆਪਣੀ ਮੁੱਠੀ ਵਿੱਚ ਕਰਨਾ ਚਾਹੁੰਦੀ ਹੈ।

ਇੱਕ ਪਾਸੇ ਚੋਣ ਪ੍ਰਕਿਰਿਆ ਰਾਹੀਂ ਪੰਜਾਬ ਵਿੱਚ ਪੈਰ ਪਸਾਰਨ ਲਈ ਵਿਧਾਨ ਸਭਾ ਦੀਆਂ ਸਾਰੀਆਂ 117 ਸੀਟਾਂ 'ਤੇ ਉਮੀਦਵਾਰ ਖੜ੍ਹੇ ਕਰਨ, ਹੋਰ ਕਿਸੇ ਪਾਰਟੀ ਨਾਲ ਸਮਝੌਤਾ ਕੀਤੇ ਬਗੈਰ ਚੋਣ ਲੜਨ ਦਾ ਐਲਾਨ ਕੀਤਾ ਹੈ। ਪਿੰਡਾਂ ਵਿੱਚ ਪਹੁੰਚ ਕਰਨ ਹਿੱਤ ਆਪਣੀਆਂ ਸਫ਼ਾਂ ਵਿੱਚ ਕਿਸਾਨੀ ਤੱਕ ਪਹੁੰਚ ਕਰਨ ਵਾਲੇ ਆਗੂਆਂ ਤੇ ਵਰਕਰਾਂ ਦੀ ਗਿਣਤੀ ਵਧਾਉਣ ਲਈ ਦੂਜੀਆਂ ਪਾਰਟੀਆਂ ਵਿੱਚੋਂ ਦਲਬਦਲੀ ਕਰਵਾਈ ਜਾ ਰਹੀ ਹੈ। ਇਸ ਉਦੇਸ਼ ਲਈ ਈ.ਡੀ ਅਤੇ ਹੋਰ ਕੇਂਦਰੀ ਏਜੰਸੀਆਂ ਦੀ ਵਰਤੋਂ ਕੀਤੀ ਜਾ ਰਹੀ ਹੈ। ਸੰਨ੍ਹ ਲਾਉਣ ਦੇ ਇਸ ਹਥਿਆਰ ਦੀ ਸਿਰਫ ਰਾਜਸੀ ਪਾਰਟੀਆਂ 'ਤੇ ਹੀ ਵਰਤੋਂ ਨਹੀਂ ਕੀਤੀ ਜਾ ਰਹੀ, ਇਸ ਦਾ ਮੁਹਾਣ ਕਿਸਾਨ ਜਥੇਬੰਦੀਆਂ ਦੇ ਆਗੂਆਂ ਵੱਲ ਵੀ ਕੀਤਾ ਜਾ ਰਿਹਾ ਹੈ ਤਾਂ ਕਿ ਉਨ੍ਹਾਂ ਨੂੰ ਭੈਅ-ਭੀਤ ਕਰਕੇ ਸੰਘਰਸ਼ਾਂ ਤੋਂ ਰੋਕਿਆ ਜਾ ਸਕੇ। ਵਿਧਾਨ ਸਭਾ ਦੀ ਚੋਣ ਦੀਆਂ ਸਕੀਮਾਂ 117 ਟਿਕਟਾਂ ਲੈਣ ਦੇ ਇਛੁੱਕਾਂ ਅਤੇ ਉਨ੍ਹਾਂ ਦੇ ਸਮਰਥਕਾਂ ਰਾਹੀਂ ਆਪਣੇ ਪਾਰਟੀ ਢਾਂਚੇ ਦਾ ਵਿਸਥਾਰ ਕਰਨਾ ਹੈ, ਜਿਸ ਦੀ ਅਸਲ ਵਰਤੋਂ 2024 ਦੀਆਂ ਲੋਕ ਸਭਾ ਚੋਣਾਂ ਲਈ ਕੀਤੀ ਜਾਣੀ ਹੈ।

ਭਾਜਪਾ ਅਤੇ ਕੇਂਦਰੀ ਹਕੂਮਤ ਦੇ ਕਰਤੇ-ਧਰਤੇ ਅੰਦਰੋਂ-ਅੰਦਰ ਇਹ ਭੈਅ ਵੀ ਰੱਖਦੇ ਹਨ ਕਿ ਪੰਜਾਬੀ ਕਿਸਾਨ, ਖੇਤ ਮਜ਼ਦੂਰ ਤੇ ਹੋਰ ਪੇਂਡੂ ਮਿਹਨਤਕਸ਼ ਚੁੱਪ-ਚੁਪੀਤੇ ਉਸ ਵਿਰੁੱਧ ਫਤਵਾ ਦੇ ਸਕਦੇ ਹਨ। ਇਸ ਸਥਿਤੀ ਦਾ ਮੁਕਾਬਲਾ ਕਰਨ ਲਈ ਉਹ ਆਪਣੇ ਰਵਾਇਤੀ ਫਿਰਕੂ 'ਪਾੜੋ ਤੇ ਰਾਜ ਕਰੋ' ਦਾ ਹਥਿਆਰ ਵਰਤਣ ਦੇ ਆਹਰ ਵਿੱਚ ਵੀ ਹੈ। ਉਸ ਕਿਸਾਨ ਅੰਦੋਲਨ ਸਮੇਂ ਹਿੰਦੂ-ਸਿੱਖ ਅਤੇ ਜਾਤ-ਬਰਾਦਰੀ ਦੇ ਪਾੜੇ ਵਾਲਾ ਹਥਿਆਰ ਵਰਤਣ ਦਾ ਯਤਨ ਕੀਤਾ ਸੀ, ਜੋ ਸਫਲ ਨਹੀਂ ਹੋਇਆ। ਹੁਣ ਪੰਜਾਬ ਨੂੰ ਫਿਰ ਤੋਂ ਅੱਤਵਾਦ ਦੇ ਲਾਂਬੂਆਂ ਦੇ ਸਪੁਰਦ ਕਰਨ ਦਾ ਜਾਲ ਵਿਛਾਇਆ ਜਾ ਰਿਹਾ ਹੈ। ਇਸ ਦਾ ਦੇਸ਼-ਵਿਦੇਸ਼ ਵਿੱਚ ਕੰਧਾਂ 'ਤੇ ਖਾਲਿਸਤਾਨ ਦੇ ਨਾਹਰੇ ਲਿਖੇ ਜਾਣ ਅਤੇ ਪੰਜਾਬ ਦੇ ਇਕਦਮ ਆਪ ਬਣੇ ਵਾਰਸਾਂ ਦੀਆਂ ਸਰਗਰਮੀਆਂ ਤੋਂ ਝਲਕਾਰਾ ਮਿਲਦਾ ਹੈ।

ਇੱਥੇ ਇਤਿਹਾਸ ਦੇ ਇਹ ਤੱਥ ਵਿਚਾਰਨੇ ਬਣਦੇ ਹਨ ਕਿ ਆਜ਼ਾਦੀ ਦੇ ਅੰਦੋਲਨ ਵਿੱਚ ਅਤੇ ਉਨ੍ਹਾਂ ਹੀ ਸਾਲਾਂ ਵਿੱਚ ਵੱਖਰੇ ਤੌਰ 'ਤੇ ਸਿੱਖ ਮੰਗਾਂ ਲਈ ਜੋ ਵੀ ਸੰਗਰਾਮ ਕੀਤੇ, ਉਹ ਪੁਰਅਮਨ ਅਤੇ ਕੁਰਬਾਨੀਆਂ ਵਾਲੇ ਸਨ। ਉਨ੍ਹਾਂ ਸੰਘਰਸ਼ਾਂ ਦੇ ਸਿੱਟੇ ਵਜੋਂ ਸਰਕਾਰਪ੍ਰਸਤ ਮਹੰਤਾਂ ਤੋਂ ਸ੍ਰੀ ਅਕਾਲ ਤਖਤ ਸਾਹਿਬ ਦਾ ਕਬਜ਼ਾ ਛੁਡਵਾਇਆ ਅਤੇ ਅੰਗਰੇਜ਼ ਸਰਕਾਰ ਨੇ ਤੋਸ਼ਾਖਾਨਾ ਦੀਆਂ ਚਾਬੀਆਂ ਜਥੇਦਾਰ ਨੂੰ ਸੌਂਪੀਆਂ, ਜਿਸ ਨੂੰ ਮਹਾਤਮਾ ਗਾਂਧੀ ਨੇ ਆਜ਼ਾਦੀ ਦੇ ਸੰਗਰਾਮ ਦੀ ਪਹਿਲੀ ਜਿੱਤ ਕਰਾਰ ਦਿੱਤਾ ਸੀ। ਇਸ ਸਾਰੀ ਮੁਹਿੰਮ ਵਿੱਚ ਕਿਤੇ ਵੀ ਸੰਗਰਾਮੀਆਂ ਵੱਲੋਂ ਮਾਰਧਾੜ, ਹਥਿਆਰਾਂ ਦਾ ਸਹਾਰਾ ਨਹੀਂ ਲਿਆ ਗਿਆ। ਦੇਸ਼ ਦੀ ਆਜ਼ਾਦੀ ਤੋਂ ਪਿੱਛੋਂ ਪੰਜਾਬੀ ਸੂਬਾ ਆਦਿ ਮੰਗਾਂ ਲਈ ਜੋ ਅੰਦੋਲਨ ਹੋਏ, ਸਭ ਪੁਰਅਮਨ ਸਨ। ਹਜ਼ਾਰਾਂ ਹੀ ਨਹੀਂ, ਲੱਖਾਂ ਦੀ ਗਿਣਤੀ ਵਿੱਚ ਜਥੇ ਪੁਰਅਮਨ ਰਹਿੰਦੇ ਜੇਲ੍ਹੀਂ ਗਏ। ਪਿਛਲੇ ਡੇਢ ਸੌ ਸਾਲ ਦੇ ਸੰਗਰਾਮਾਂ ਵਿੱਚ ਕਿਤੇ ਵੀ ਖਾਲਿਸਤਾਨ ਦੀ ਮੰਗ ਨਹੀਂ ਸੀ, ਕਿਉਂਕਿ ਗੁਰੂ-ਪੀਰਾਂ ਦੀ ਧਰਤੀ ਪੰਜਾਬ ਹੀ ਸਿੱਖਾਂ ਦਾ ਘਰ ਹੈ। ਦੇਸ਼ ਦੀ ਪਹਿਲੀ ਵੰਡ ਨੇ ਹੀ ਜਿੱਥੇ ਅਹਿਮ ਧਾਰਮਿਕ ਸਥਾਨ ਸਾਥੋਂ ਦੂਰ ਕੀਤੇ, ਨਾਲ ਹੀ ਪੰਜਾਬੀ ਭਾਸ਼ਾ ਤੇ ਸੱਭਿਆਚਾਰ ਦੇ ਧਾਰਨੀਆਂ ਨੂੰ ਵੰਡ ਕੇ ਸਦੀਵੀ ਉਦਰੇਵੇਂ ਦੀ ਝੋਲੀ ਪਾ ਦਿੱਤਾ ਹੈ।

ਇੱਥੇ ਬੀਤੇ ਦੇ ਇਤਿਹਾਸ ਦਾ ਇੱਕ ਹੋਰ ਪੱਖੀ ਵੀ ਮਾਰਗਦਰਸ਼ਕ ਹੈ ਕਿ ਵਿਦੇਸ਼ਾਂ ਵਿੱਚ ਖੱਟਣ-ਕਮਾਉਣ ਗਏ ਪੰਜਾਬੀਆਂ ਵਿੱਚ ਦੇਸ਼ ਦੀ ਆਜ਼ਾਦੀ ਦੀ ਲੋੜ ਦਾ ਜਜ਼ਬਾ ਪ੍ਰਬਲ ਹੋਇਆ ਤਾਂ ਕਰਤਾਰ ਸਿੰਘ ਸਰਾਭਾ ਅਤੇ ਗਦਰੀ ਬਾਬੇ ਪਰਤ ਕੇ ਆਪਣੀ ਧਰਤੀ 'ਤੇ ਆਏ, ਇੱਥੋਂ ਦੀ ਵਸੋਂ ਨੂੰ ਜਾਗ੍ਰਿਤ ਕਰਦੇ ਹੋਏ ਸ਼ਹੀਦ ਹੋਏ।

ਉਕਤ ਵੇਰਵੇ ਤੋਂ ਸਪੱਸ਼ਟ ਹੈ ਕਿ ਨਾ ਇੱਥੋਂ ਦੇ ਜਨ ਸਮੂਹ ਜਾਂ ਕਹੀਏ ਕਿ ਸਿੱਖ ਸੰਗਤ ਦੀ ਖਾਲਿਸਤਾਨ ਮੰਗ ਸੀ ਅਤੇ ਨਾ ਹੀ ਉਪਦਰਵੀ ਮਾਰਧਾੜ। ਹੁਣ ਵੀ ਵੇਖਿਆ ਹੈ ਕਿ ਪੁਰਅਮਨ ਤੇ ਬਾਜ਼ਬਤ ਕਿਸਾਨ ਅੰਦੋਲਨ ਨੇ ਅੰਤ ਸਰਕਾਰ ਨੂੰ ਪਿੱਛੇ ਹਟਣ ਲਈ ਮਜਬੂਰ ਕੀਤਾ। ਸਰਕਾਰ ਨੇ ਕਈ ਵਾਰ ਸਿੱਧੇ ਤੌਰ 'ਤੇ ਪਾਬੰਦੀਆਂ, ਰਸਤੇ 'ਚ ਕਿੱਲ ਗੱਡ ਕੇ ਅਤੇ ਬੈਰੀਗੇਟਾਂ ਰਾਹੀਂ ਭੜਕਾਹਟ ਪੈਦਾ ਕਰਨ ਦਾ ਯਤਨ ਕੀਤਾ। ਕੁਝ ਭਾੜੇ ਦੇ ਬੰਦਿਆਂ ਨੂੰ ਗਵਾਂਢੀ ਪਿੰਡਾਂ ਦੇ ਲੋਕ ਦਸ ਧਰਨੇ ਨੇੜੇ ਸ਼ੋਰ-ਸ਼ਰਾਬਾ ਕਰਵਾਇਆ, ਪਰ ਧਰਨਾਕਾਰੀ ਕਿਸਾਨ ਸ਼ਾਂਤ ਰਹੇ। ਸਰਕਾਰ ਅੰਦੋਲਨਾਂ ਤੇ ਜਬਰ ਕਰਨ ਲਈ ਬਹਾਨਾ, ਮੌਕਾ ਲੱਭਦੀ ਹੈ, ਇਸ ਪੱਖ ਤੋਂ ਸੰਘਰਸ਼ੀ ਕਿਸਾਨ ਸੁਚੇਤ ਰਹੇ ਅਤੇ ਫਤਿਹ ਹਾਸਲ ਕੀਤੀ। ਇਹੋ ਸਹੀ ਮਾਰਗ ਹੈ, ਹੋਰ ਦਾਅਵੇ, ਨਾਹਰੇ, ਖੰਗੂਰੇ ਸਰਕਾਰ ਨੂੰ ਜਬਰ- ਜ਼ੁਲਮ ਕਰਨ ਦਾ ਮੌਕਾ ਦੇਣ ਵਾਲੇ ਹੀ ਹੁੰਦੇ ਹਨ। ਹੁਣ ਵੀ ਜੋ ਇਸ ਰਾਹ ਪੈਂਦਾ ਹੈ, ਉਹ ਪੰਜਾਬ ਤੇ ਸਿੱਖਾਂ ਦੇ ਹਿੱਤਾਂ ਦੇ ਨੁਕਸਾਨ ਦੇ ਬੀਜ ਬੀਜਦਾ ਹੈ।

ਕੇਂਦਰ ਦੀ ਵਰਤਮਾਨ ਸਰਕਾਰ ਜੋ ਕਿਸਾਨ ਅੰਦੋਲਨ ਸਮੇਂ ਪਿੱਛੇ ਹਟਣ ਨੂੰ ਜ਼ਖਮੀ ਸੱਪ ਦੀ ਤਰ੍ਹਾਂ ਲੈ ਰਹੀ ਹੈ। ਅੱਜ ਵੀ ਪੰਜਾਬ ਦੇ ਕਿਸਾਨਾਂ ਤੇ ਖੇਤ ਮਜ਼ਦੂਰਾਂ ਨੂੰ ਆਪਣੀਆਂ ਬਹੁਕੌਮੀ ਕਾਰਪੋਰੇਸ਼ਨਾਂ ਪੱਖੀ ਨੀਤੀਆਂ ਦੇ ਰਾਹ ਦੇ ਰੋੜੇ ਸਮਝ ਰਹੀ ਹੈ। ਇੱਕ ਪਾਸੇ ਕੇਂਦਰੀ ਅਧਿਕਾਰਾਂ ਰਾਹੀਂ ਫਸਲ ਦੀ ਖਰੀਦ ਲਈ ਪੰਜਾਬ ਨੂੰ ਦਿੱਤੀ ਜਾਂਦੀ ਰਕਮ ਘਟਾ ਰਹੀ ਹੈ, ਸਭ ਫਸਲਾਂ ਦੇ ਘੱਟੋ-ਘੱਟ ਮੁੱਲ ਦੀ ਗਰੰਟੀ ਦੇਣ ਬਾਰੇ ਚੁੱਪ ਸਾਧੀ ਬੈਠੀ ਹੈ। ਉਹ ਅਜਿਹੇ ਕਦਮ ਰਾਹੀਂ ਇੱਕ ਪਾਸੇ ਸੂਬੇ ਦੀ ਆਪ ਸਰਕਾਰ ਤੇ ਕਿਸਾਨਾਂ ਵਿੱਚ ਪਾੜਾ ਵਧਾ ਰਹੀ ਹੈ, ਉਥੇ ਵਾਪਸ ਲਏ ਖੇਤੀ ਕਾਨੂੰਨ ਫਿਰ ਤੋਂ ਲਾਗੂ ਕਰਨ ਦਾ ਮੌਕਾ ਤਲਾਸ਼ ਰਹੀ ਹੈ।

ਇਹ ਵੀ ਸੂਚਨਾਵਾਂ ਹਨ ਕਿ ਬਾਹਰ ਬੈਠੇ ਕਥਿਤ ਖਾਲਿਸਤਾਨੀ ਮੁਖੀਆਂ ਨੂੰ ਸਰਕਾਰ ਦੀਆਂ ਏਜੰਸੀਆਂ ਰਾਹੀਂ ਉਤਸ਼ਾਹਤ ਕੀਤਾ ਜਾ ਰਿਹਾ ਹੈ। ਉਸ ਨੀਤੀ ਤਹਿਤ ਹੀ ਵਿਦੇਸ਼ ਦੇ ਕੁੱਝ ਮੰਦਰਾਂ ਦੇ ਬਾਹਰ ਖਾਲਿਸਤਾਨੀ ਨਾਹਰੇ ਲਿਖ ਕੇ ਵਿਦੇਸ਼ਾਂ ਵਿੱਚ ਰਹਿ ਰਹੇ ਭਾਰਤੀਆਂ ਦੀ ਏਕਤਾ ਨੂੰ ਢਾਅ ਲਾਉਣ ਦੇ ਮਨਸੂਬੇ ਬਣਾਏ ਜਾ ਰਹੇ ਹਨ।

ਭਾਜਪਾ ਦੀ ਤੀਸਰੀ ਚਾਲ ਪੰਜਾਬ ਵਿੱਚ ਗਵਰਨਰੀ ਰਾਜ ਕਰਕੇ ਆਪਣੀ ਮਨਮਾਨੀ ਚਲਾਉਣ ਅਤੇ 2024 ਦੀ ਸੰਸਦੀ ਚੋਣ ਵਿੱਚ ਲਾਭ ਲੈਣ ਦੀ ਹੈ। ਇਸ ਉਦੇਸ਼ ਤਹਿਤ ਗਵਰਨਰ ਪੰਜਾਬ ਵੱਲੋਂ ਬਜਟ ਸਮਾਗਮ ਬਾਰੇ ਬੇਲੋੜੇ ਸਵਾਲ ਖੜ੍ਹੇ ਕਰਕੇ ਮੱਤਭੇਦ ਵਧਾਏ ਜਾ ਰਹੇ ਹਨ। ਉਧਰ ਆਪ ਦੀ ਦਿੱਲੀ ਵਾਲੇ ਆਗੂ ਮੁੱਖ ਮੰਤਰ ਭਗਵੰਤ ਮਾਨ ਨੂੰ ਗਵਰਨਰ ਦੀਆਂ ਪੁੱਛਾਂ ਦੇ ਉਤਰ ਜਨਤਕ ਕਰਨ ਨੂੰ ਹੱਲਾਸ਼ੇਰੀ ਦੇ ਰਹੇ ਹਨ, ਜਦ ਕਿ ਪੱਤਰ ਦਾ ਉਤਰ ਪੱਤਰ ਰਾਹੀਂ ਹੀ ਦਿੱਤਾ ਜਾਣਾ ਚਾਹੀਦਾ ਹੈ।

ਉਪਰੋਕਤ ਵੇਰਵੇ ਤੋਂ ਸਪੱਸ਼ਟ ਹੁੰਦਾ ਹੈ ਕਿ ਭਾਜਪਾ ਆਪਣੀ ਕੇਂਦਰੀ ਸਰਕਾਰ, ਉਸ ਦੇ ਅਧਿਕਾਰਾਂ ਅਤੇ ਦਾਅਪੇਚਾਂ ਰਾਹੀਂ ਪੰਜਾਬ ਨੂੰ ਆਪਣੀ ਜਕੜ ਵਿੱਚ ਲੈਣ, ਤਿੰਨ ਖੇਤੀ ਕਾਨੂੰਨਾਂ ਦਾ ਵਿਰੋਧ ਕਰਨ ਦਾ ਸਬਕ ਸਿੱਖਾ ਕੇ, ਭਵਿੱਖ ਲਈ ਆਪਣਾ ਪਿਛਲਗ ਬਣਾਉਣ ਦਾ ਟੀਚਾ ਲੈ ਕੇ ਚੱਲ ਰਹੀ ਹੈ।

ਇਸ ਨੀਤੀ ਤੇ ਸਥਿਤੀ ਨੂੰ ਪੰਜਾਬ ਦੇ ਹਰ ਲੋਕਤੰਤਰ ਪੱਖੀ ਨੂੰ ਸਮਝਣ ਤੇ ਆਪਣੇ ਮੌਕੇ ਦੇ ਨਿੱਜੀ ਸਵਾਰਥ ਤੋਂ ਉੱਪਰ ਉੱਠ ਕੇ ਸਰਕਾਰ ਦੀਆਂ ਲੂੰਬੜਚਾਲਾਂ ਤੋਂ ਜਨਸਧਾਰਨ ਨੂੰ ਸੁਚੇਤ ਕਰਨ ਦਾ ਰਾਹ ਅਪਣਾਉਣਾ ਚਾਹੀਦਾ ਹੈ। ਕਿਸਾਨ ਜਥੇਬੰਦੀਆਂ ਜੋ ਕਿਸਾਨਾਂ ਨੂੰ ਏਕਤਾ ਦਾ ਨਾਹਰਾ ਦਿੰਦੀਆਂ ਹਨ, ਪਰ ਆਪ ਅਨੇਕਤਾ ਵਿੱਚ ਵਿਚਰ ਰਹੀਆਂ, ਇੱਕ ਤੋਂ ਦੋ, ਫਿਰ ਚਾਰ ਹੁੰਦੀਆਂ ਇਸ ਸਮੇਂ 40 ਦਾ ਅੰਕੜਾ ਟੱਪ ਗਈਆਂ ਹਨ। ਆਗੂ ਆਪਣੀ ਹਉਮੈ ਤੋਂ ਉਪਰ ਉੱਠ ਕੇ ਭਾਜਪਾ ਦੇ ਕਿਸਾਨਾਂ ਵਿਰੋਧੀ, ਪੰਜਾਬ ਵਿਰੋਧੀ ਉੱਠ ਰਹੇ ਝੱਖੜ ਤੋਂ ਜਨ ਸਮੂਹ ਨੂੰ ਜਾਣੂ ਕਰਾ ਕੇ, ਉਸ ਤੋਂ ਬਚਣ ਦਾ ਰਾਹ ਦਰਸਾਉਣ। ਅਜਿਹਾ ਕਰਕੇ ਹੀ ਉਹ ਇਸ ਚਰਚਾ ਕਿ ਕੁੱਝ ਕਿਸਾਨ ਆਗੂ ਅੰਦਰਖਾਤੇ ਸਰਕਾਰ ਨਾਲ ਮਿਲੇ ਹੋਏ ਹਨ ਜਾਂ ਉਨ੍ਹਾਂ ਦੀ ਮੁੱਠੀ ਗਰਮ ਹੋਈ ਹੈ, ਨੂੰ ਨਕਾਰ ਸਕਦੇ ਹਨ।

ਇਹ ਮੌਕਾ ਖੱਬੇਪੱਖੀਆਂ ਦੇ ਸੁਚੇਤ ਹੋਣ ਦਾ ਵੀ ਹੈ, ਜੋ ਇਸ ਸਮੇਂ ਹਾਸ਼ੀਏ 'ਤੇ ਬੈਠੇ ਆਪੋ ਆਪਣੀ ਢਾਈ ਪਾ ਦੀ ਰਸੋਈ ਨੂੰ ਇਨਕਲਾਬ ਦੀ ਮੁੱਖ ਸ਼ਕਤੀ ਹੋਣ ਦਾ ਭਰਮ ਪਾਲ ਰਹੇ ਹਨ। ਮਿਹਨਤਸ਼ਾਂ ਨੂੰ ਏਕਤਾ ਦਾ ਹੋਕਾ ਦੇਣ ਵਾਲੇ ਆਪਣੇ ਨਾਵਾਂ ਦਾ ਵਖਰੇਵਾਂ ਜੱਗ ਜ਼ਾਹਰ ਕਰਨ ਲਈ ਦੋ-ਦੋ, ਚਾਰ-ਚਾਰ ਸ਼ਬਦ ਬਰੈਕਟਾਂ ਵਿੱਚ ਲਾ ਰਹੇ ਹਨ। ਸਭ ਨੂੰ ਖਿਆਲ ਰੱਖਣਾ ਚਾਹੀਦਾ ਹੈ ਕਿ ਇਸ ਸਮੇਂ ਭਾਜਪਾ ਸਰਕਾਰ ਨੇ ਲੋਕਤੰਤਰਿਕ ਪ੍ਰਣਾਲੀ ਦਾ ਮਖੌਟਾ ਪਾਇਆ ਹੋਇਆ ਹੈ। ਜੇ 2024 ਦੀ ਚੋਣ ਵਿੱਚ ਹੁਣ ਵਾਂਗ ਬਹੁਸੰਮਤੀ ਵਿੱਚ ਆ ਗਈ ਤਾਂ ਉਸ ਦਾ ਅਧਿਕਾਰਵਾਦੀ ਸੋਚ ਦਾ ਪੀਲਾ ਪੰਜਾ ਸਭ ਰੋੜਿਆਂ ਨੂੰ ਦਰੜ ਦੇਵੇਗਾ।

ਸੰਖੇਪ ਵਿੱਚ ਫਿਰ ਦੁਹਰਾਅ ਸਕਦੇ ਹਾਂ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਨੂੰ ਪੰਜਾਬ ਦਾ ਸੰਘਰਸ਼ਸ਼ੀਲ ਹੋਣਾ ਰੜਕ ਰਿਹਾ ਹੈ। ਇਸ ਨਾਲ ਸਿੱਝਣ ਲਈ ਉਹ ਕਈ ਪੱਖਾਂ ਤੋਂ ਸੋਚ ਰਹੀ ਹੈ। ਇਸ ਦਾ ਮੁਕਾਬਲਾ ਗਰਮਖਿਆਲੀ ਨਾਹਰਿਆਂ ਰਾਹੀਂ ਨਹੀਂ ਕੀਤਾ ਜਾ ਸਕਦਾ। ਇਹ ਤਾਂ ਸਗੋਂ ਉਸ ਲਈ ਸਹਾਈ ਹੋਣਗੇ। ਪੰਜਾਬ ਨੂੰ ਇੱਥੋਂ ਹੀ ਕਿਸਾਨੀ, ਹੋਰ ਪੇਂਡੂ ਮਿਹਨਤਕਸ਼ਾਂ ਨੂੰ ਲਾਮਬੰਦ ਕਰਕੇ ਅਤੇ ਸਮੁੱਚੀ ਜਨ ਸਮੂਹ ਨੂੰ ਚੇਤਨ ਕਰਕੇ ਹੀ ਬਚਾਇਆ ਜਾ ਸਕਦਾ ਹੈ।

ਸਮਾਂ ਉਸ ਪੜਾਅ 'ਤੇ ਪੁੱਜ ਗਿਆ, ਜਿਸ ਦਾ ਇਤਿਹਾਸ ਇਹ ਦੱਸੇਗਾ ਕਿ ਕੌਣ ਸ਼ਹੀਦ ਭਗਤ ਸਿੰਘ ਦੇ ਪਾਲੇ ਵੱਲ ਹਨ ਅਤੇ ਕਿਹੜੇ ਪਹਾੜਾ ਸਿੰਘ ਦੀ ਕਤਾਰ ਵਿੱਚ ਖੜ੍ਹੇ ਹਨ।

*ਸੰਪਰਕ - 94179-71600*

# ਸੂਬੇ 'ਚ ਵਧ ਰਿਹਾ ਹਥਿਆਰਾਂ ਦਾ ਰੁਝਾਨ



ਗਗਨ ਸ਼ਰਮਾ

ਪੰਜਾਬ ਵਿੱਚ ਦਿਨੋ-ਦਿਨ ਵਧ ਰਹੀ ਹਿੰਸਾ ਬਾਰੇ ਅਸੀਂ ਰੋਜ਼ ਹੀ ਖਬਰਾਂ ਵਿੱਚ ਪੜ੍ਹ ਰਹੇ ਹਾਂ, ਹਰ ਰੋਜ਼ ਅਖ਼ਬਾਰਾਂ ਵਿੱਚ ਹਿੰਸਕ ਘਟਨਾਵਾਂ ਦੀ ਗਿਣਤੀ ਲਗਾਤਾਰ ਵਧ ਰਹੀ ਹੈ। ਜੇਕਰ ਅਸੀਂ ਪਿਛਲੇ ਕੁਝ ਦਿਨਾਂ ਦੀਆਂ ਖਬਰਾਂ ਵੱਲ ਧਿਆਨ ਮਾਰੀਏ ਤਾਂ ਸਾਨੂੰ ਜ਼ਿਆਦਾਤਰ ਹਿੰਸਕ ਘਟਨਾਵਾਂ ਹੀ ਸੁਨਣ ਨੂੰ ਮਿਲਦੀਆਂ ਹਨ। ਪਿਛਲੇ ਦਿਨੀਂ ਜਗਤਪੁਰੇ ਕੁਝ ਨਸ਼ੇ ਦੇ ਤਸਕਰਾਂ ਵੱਲੋਂ ਇੱਕ ਵਿਅਕਤੀ ਦੀ ਬਹੁਤ ਬੁਰੀ ਤਰ੍ਹਾਂ ਕੁੱਟਮਾਰ ਕੀਤੀ ਗਈ ਤੇ ਉਹਦੀਆਂ ਲੱਤਾਂ-ਬਾਹਾਂ ਤੋੜੀਆਂ ਗਈਆਂ। ਫਿਰ ਇਕ ਖ਼ਬਰ ਆਉਂਦੀ ਹੈ ਕਿ ਦਿਨ-ਦਿਹਾੜੇ ਇਕ ਵਿਅਕਤੀ ਦੀਆਂ ਉਂਗਲਾਂ ਦਾਤਰ ਨਾਲ ਵੱਢ ਦਿੱਤੀਆਂ ਜਾਂਦੀਆਂ ਹਨ ਤੇ ਏਦਾਂ ਦੇ ਹੋਰ ਕਈ ਕੇਸ ਸੁਨਣ ਨੂੰ ਮਿਲਦੇ ਹਨ। ਇੱਕ ਹੀ ਦਿਨ ਵਿੱਚ ਪੰਜਾਬ 'ਚ 5 ਕਤਲ ਹੁੰਦੇ ਹਨ, ਜਿਸ ਵਿੱਚੋਂ ਪੰਜਾਬੀ ਯੂਨੀਵਰਸਿਟੀ ਵਿਖੇ ਦਿਨ-ਦਿਹਾੜੇ ਇਕ ਵਿਦਿਆਰਥੀ ਦਾ ਕਤਲ ਹੋਣਾ ਬਹੁਤ ਹੀ ਸ਼ਰਮਸਾਰ ਕਰਨ ਵਾਲਾ ਕੰਮ ਹੈ। ਪੰਜਾਬੀ ਯੂਨੀਵਰਸਿਟੀ ਦੀ ਸਕਿਉਰਿਟੀ 'ਤੇ ਵੀ ਸਵਾਲ ਉੱਠਦੇ ਹਨ, ਜਿੱਥੇ ਨੌਜਵਾਨ ਆਪਣਾ ਭਵਿੱਖ ਬਣਾਉਣ ਲਈ ਜਾਂਦੇ ਹਨ, ਉਥੇ ਵੀ ਹੁਣ ਕੋਈ ਸੁਰੱਖਿਅਤ ਨਹੀਂ ਹੈ। ਇੱਕ ਨੌਜਵਾਨ ਜਿਹੜਾ ਆਪਣੇ ਘਰੋਂ ਪੜ੍ਹਨ ਲਈ ਯੂਨੀਵਰਸਿਟੀ ਪਹੁੰਚਦਾ ਹੈ ਤੇ ਉੱਥੇ ਉਹਦਾ ਕਤਲ ਹੋ ਜਾਂਦਾ ਹੈ । ਉਹਦੇ ਘਰਵਾਲਿਆਂ ਨੇ ਵੀ ਕਦੇ ਸੋਚਿਆ ਨਹੀਂ ਹੋਣਾ ਕਿ ਪੜ੍ਹਨ ਗਏ ਪੁੱਤ ਦੀ ਕੋਈ ਖ਼ਬਰ ਏਦਾਂ ਵੀ ਆਵੇਗੀ।

ਇੱਕ ਕਾਂਗਰਸੀ ਆਗੂ ਨੂੰ ਦਿਨ-ਦਿਹਾੜੇ ਇੱਕ ਔਰਤ ਨੇ ਗੋਲੀ ਮਾਰ ਦਿੱਤੀ। ਕਤਲ ਦੇ ਕਾਰਨਾਂ ਦੀ ਪੁਸ਼ਟੀ ਹਾਲੇ ਨਹੀਂ ਹੋਈ, ਪਰ ਸ਼ਰੇਆਮ ਇਹੋ ਜਿਹੀਆਂ ਵਾਰਦਾਤਾਂ ਦਾ ਹੋਣਾ ਸੂਬੇ ਤੇ ਦੇਸ਼ ਲਈ ਸਹੀ ਨਹੀਂ ਹੈ।

ਦਿਨੋਂ-ਦਿਨ ਵਧ ਰਹੀਆਂ ਮਾਰ-ਧਾੜ ਦੀਆਂ ਖਬਰਾਂ ਨੇ ਬੜਾ ਕੁਝ ਸੋਚਣ ਲਈ ਮਜਬੂਰ ਕੀਤਾ ਹੈ। ਹਰ ਗੱਲ 'ਤੇ ਹਥਿਆਰ ਚੁੱਕ ਲੈਣਾ ਅੱਜ-ਕੱਲ੍ਹ ਆਮ ਗੱਲ ਹੋ ਗਈ ਹੈ। ਪਹਿਲਾਂ ਅਜਿਹਾ ਨਹੀਂ ਸੀ, ਪੰਜਾਬ ਦੇ ਲੋਕ ਬਹੁਤ ਹੀ ਘੁਲ-ਮਿਲ ਕੇ ਰਹਿਣ ਵਾਲੇ ਲੋਕ ਹੁੰਦੇ ਸੀ। ਸਾਰੇ ਮਿਲ-ਜੁਲ ਕੇ ਰਹਿਣ ਵਾਲੇ ਤੇ ਮਿਹਨਤ ਕਰਨ ਵਾਲੇ ਲੋਕ ਸੀ, ਪਰ ਅੱਜ ਦੇ ਮਾਹੌਲ ਨੂੰ ਦੇਖਦੇ ਹੋਏ ਬਹੁਤ ਸਾਰੇ ਸਵਾਲ ਉੱਠਦੇ ਹਨ। ਕੀ ਪੰਜਾਬ ਦੇ ਲੋਕਾਂ ਦੀ ਮਾਨਸਿਕ ਸਥਿਤੀ ਖਰਾਬ ਹੋ ਚੁੱਕੀ ਹੈ? ਕੀ ਪੰਜਾਬ ਵਿੱਚ ਅਮਨ-ਸ਼ਾਂਤੀ ਕਾਇਮ ਰਹੇਗੀ? ਕੀ ਪੰਜਾਬ ਦੇ ਲੋਕਾਂ ਵਿੱਚ ਸਹਿਣਸ਼ੀਲਤਾ ਖ਼ਤਮ ਹੋ ਚੁੱਕੀ ਹੈ? ਕੀ ਸਾਡਾ ਪੰਜਾਬ ਇਸ ਤਰੀਕੇ ਨਾਲ ਬਦਲ ਰਿਹਾ ਹੈ? ਕੀ ਹੁਣ ਤਰੱਕੀ ਦੇ ਪੈਮਾਨੇ ਖ਼ੂਨ ਨਾਲ ਮਾਪੇ ਜਾਣਗੇ? ਕੀ ਪੰਜਾਬ ਰਹਿਣਯੋਗ ਬਚਿਆ ਹੈ? ਕੀ ਪੰਜਾਬ ਵਿੱਚ ਗੁੰਡਾ ਰਾਜ ਬਹਾਲ ਹੋ ਗਿਆ ਹੈ? ਕੀ ਪੰਜਾਬ ਸਰਕਾਰ ਗੁੰਡਾ ਰਾਜ ਨੂੰ ਨੱਥ ਪਾਉਣ ਲਈ ਸਮਰੱਥ ਹੈ?



ਪੰਜਾਬ ਵਿੱਚ ਵਧ ਰਹੇ ਮਾਰ-ਧਾੜ ਵਾਲੇ ਮਸਲਿਆਂ ਦੇ ਬਹੁਤ ਸਾਰੇ ਕਾਰਨ ਹੋ ਸਕਦੇ ਹਨ। ਉਹ ਨਿੱਜੀ ਖੁੰਦਕ ਜਾਂ ਲਾਗ-ਡਾਟ ਵਾਲੇ ਮਸਲੇ ਵੀ ਹੋ ਸਕਦੇ ਹਨ। ਉਹ ਧਾਰਮਿਕ ਮਸਲੇ ਵੀ ਸਕਦੇ ਹਨ, ਜਿਹਨਾਂ ਨੂੰ ਕਿ ਅੱਜ-ਕੱਲ੍ਹ ਬਹੁਤ ਭੜਕਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਅਜਨਾਲਾ ਵਿਖੇ ਹੋਈ ਹਿੰਸਾ ਸਾਨੂੰ ਧਰਮ ਤੇ ਗੁੰਡਾਗਰਦੀ ਵਿੱਚ ਪ੍ਰਤੱਖ ਫਰਕ ਦੱਸਦੀ ਹੈ । ਬਾ-ਸ਼ਰਤ ਤੁਸੀਂ ਉਸ ਨੂੰ ਸਮਝਣਯੋਗ ਹੋਵੋ। ਬਹੁਤੇ ਰਾਜਨੀਤਕ ਮਸਲੇ ਵੀ ਅਜਿਹੀਆਂ ਵਾਰਦਾਤਾਂ ਨੂੰ ਅੰਜਾਮ ਦੇ ਰਹੇ ਹਨ। ਕਈ ਲੋਕਾਂ ਨੇ ਆਪਣੀ ਧੌਂਸ ਜਮਾਉਣੀ ਹੈ, ਉਹ ਇਸ ਕਰਕੇ ਇਲਾਕੇ ਵਿੱਚ ਆਪਣਾ ਨਾਂਅ ਬਣਾਉਣ ਕਰਕੇ ਅਜਿਹੀਆਂ ਵਾਰਦਾਤਾਂ ਨੂੰ ਅੰਜ਼ਾਮ ਦੇ ਰਹੇ ਹਨ। ਕਾਰਨ ਚਾਹੇ ਜੋ ਵੀ ਹੋਣ, ਪਰ ਇਹਨਾਂ ਨੂੰ ਠੱਲ੍ਹ ਪੈਣੀ ਚਾਹੀਦੀ ਹੈ। ਪੰਜਾਬ ਦੇ ਜ਼ਿੰਮੇਵਾਰ ਨਾਗਰਿਕ ਹੋਣ ਦੇ ਨਾਤੇ ਅਸੀਂ ਕਦੇ ਵੀ ਅਜਿਹਾ ਪੰਜਾਬ ਨਹੀਂ ਚਾਹਾਂਗੇ, ਜਿਹੜਾ ਨਾ ਤਾਂ ਸੁਰੱਖਿਅਤ ਹੈ, ਨਾ ਜਿੱਥੇ ਰੋਜ਼ਗਾਰ ਹੈ, ਨਾ ਹੀ ਇਨਸਾਫ ਹੈ, ਜਿੱਥੇ ਲਾਅ ਐਂਡ ਆਰਡਰ ਨੂੰ ਕੋਈ ਮੰਨਦਾ ਨਹੀਂ, ਜਿੱਥੇ ਰਹਿਣ ਲਈ ਵੀ ਡਰ ਲੱਗਦਾ ਹੋਵੇ।

ਅਸਲ ਵਿੱਚ ਦੇਖਿਆ ਜਾਵੇ ਤਾਂ ਲੋਕਾਂ ਵਿੱਚ ਕਾਨੂੰਨ ਦਾ ਡਰ ਖ਼ਤਮ ਹੁੰਦਾ ਜਾ ਰਿਹਾ ਹੈ। ਕਾਨੂੰਨ ਦਾ ਡਰ ਤਾਂ ਉਦੋਂ ਹੀ ਖ਼ਤਮ ਹੋ ਗਿਆ, ਜਦੋਂ ਸੰਦੀਪ ਨੰਗਲ ਅੰਬੀਆਂ ਤੇ ਸਿੱਧੂ ਮੂਸੇਵਾਲੇ ਦਾ ਦਿਨ-ਦਿਹਾੜੇ ਕਤਲ ਕੀਤਾ ਗਿਆ । ਇੰਨੇ ਮਸ਼ਹੂਰ ਤੇ ਪਾਵਰਫੁੱਲ ਲੋਕਾਂ ਨੂੰ ਦਿਨ ਦਿਹਾੜੇ ਮਾਰਨਾ ਇੰਨਾ ਆਸਾਨ ਹੈ ਤਾਂ ਫਿਰ ਆਮ ਬੰਦੇ ਨੂੰ ਤਾਂ ਕੋਈ ਵੀ, ਕਦੇ ਵੀ ਤੇ ਕਿਤੇ ਵੀ ਮਾਰ ਸਕਦਾ ਹੈ। ਇਨਸਾਨ ਦੀ ਜ਼ਿੰਦਗੀ ਦੀ ਕੀਮਤ ਦਿਨੋਂ-ਦਿਨ ਘਟਦੀ ਜਾ ਰਹੀ ਹੈ। ਪੰਜਾਬ ਵਿੱਚ ਹਰ ਰੋਜ਼ ਵਿਗੜਦਾ ਲਾਅ ਐਂਡ ਆਰਡਰ ਬਹੁਤ ਵੱਡਾ ਚਿੰਤਾ ਦਾ ਵਿਸ਼ਾ ਹੈ। ਜੇਕਰ ਅਜਿਹਾ ਹੀ ਚੱਲਦਾ ਰਿਹਾ ਤਾਂ ਉਹ ਦਿਨ ਦੂਰ ਨਹੀਂ, ਜਦੋਂ ਪੰਜਾਬ ਦੇ ਹਰ ਇੱਕ ਕੋਲ ਆਤਮ ਰੱਖਿਆ ਲਈ ਹਥਿਆਰ ਹੋਵੇਗਾ, ਜੋ ਕਿ ਆਉਣ ਵਾਲੇ ਦਿਨਾਂ ਲਈ ਚੰਗਾ ਸੰਕੇਤ ਨਹੀਂ ਹੈ।

*# ਸੰਪਰਕ : 76967-07171*

# ਪੰਜਾਬ ਪ੍ਰਤੀ ਕੇਂਦਰ ਦਾ ਰਵੱਈਆ ਪੱਖਪਾਤੀ

ਪੰਜਾਬ ਦੀ ਇੱਕ ਬਹੁਤ ਪੁਰਾਣੀ ਕਹਾਵਤ ਹੈ, "ਨਾਨੀ ਖਸਮ ਕਰੇ, ਦੋਹਤਾ ਚੱਟੀ ਭਰੇ।" ਇਸ ਦੇ ਨਾਲ ਹੀ ਰਲਦੀ-ਮਿਲਦੀ ਇਕ ਹੋਰ ਕਹਾਵਤ ਅਕਸਰ ਕੰਨੀ ਪੈਂਦੀ ਹੈ, 'ਹੱਥਾਂ ਨਾਲ ਦਿੱਤੀਆਂ ਦੰਦਾਂ ਨਾਲ ਖੋਲ੍ਹਣੀਆਂ ਪੈਂਦੀਆਂ ਹਨ।' ਸਾਡੇ ਪੁਰਖਿਆਂ ਨੇ ਜਦੋਂ ਕਿ ਆਪਣੇ ਤਜਰਬੇ ਵਿੱਚੋਂ ਸਿਆਣੀਆਂ ਗੱਲਾਂ ਕਹਿਣੀਆਂ ਸ਼ੁਰੂ ਕੀਤੀਆਂ ਹੋਣਗੀਆਂ, ਉਦੋਂ ਉਨ੍ਹਾਂ ਦਾ ਪੂਰਾ ਪਰਵਾਰ ਤੇ ਸਮਾਜ ਤੱਕ ਹੀ ਸੀਮਤ ਸੀ, ਤੋਂ ਬਾਅਦ ਉਨ੍ਹਾਂ ਦੀ ਬੈਠਕ ਪਿੰਡ ਦੀ ਪੰਚਾਇਤ ਜਾਂ ਨੰਬਰਦਾਰ ਨਾਲ ਲੱਗਦੀ ਹੋਵੇਗੀ। ਸਿਆਣਿਆਂ ਦੇ ਇਹ ਅਣਮੁੱਲੇ ਬੋਲ ਹੁਣ ਪਰਵਾਰ ਜਾਂ ਸਮਾਜ ਤੋਂ ਅੱਗੇ ਜਾ ਕੇ ਸਿਆਸੀ ਲੀਡਰਾਂ ਅਤੇ ਸਰਕਾਰਾਂ ਉੱਤੇ ਢੁਕਣ ਲੱਗ ਪਏ ਹਨ। ਸਿਆਸੀ ਪਾਰਟੀਆਂ ਇਕ-ਦੂਜੇ ਨੂੰ ਤਾਹਨੇ ਮਾਰਨ ਵੇਲੇ ਇਨ੍ਹਾਂ ਮੁਹਾਵਰਿਆਂ ਦਾ ਸਹਾਰਾ ਲੈਂਦੀਆਂ ਹਨ। ਹੈ ਇਹ ਵੀ ਸੱਚ ਕਿ ਪੰਜਾਬ ਵਿਚ ਲੰਮਾ ਸਮਾਂ ਉੱਤਰ ਕਾਟੋ ਮੈਂ ਚੜ੍ਹਾਂ ਦੀ ਖੇਡ ਚੱਲਦੀ ਰਹੀ ਸੀ। ਇੱਕ ਸਾਲ ਪਹਿਲਾਂ ਬਦਲਾਵ ਦੀ ਸਰਕਾਰ ਬਣੀ ਤਾਂ ਬੜਾ ਕੁਝ ਸਾਹਮਣੇ ਆਉਣ ਲੱਗਾ ਹੈ। ਇੱਕ ਹੋਰ ਸੱਚ ਇਹ ਵੀ ਹੈ ਕਿ ਪਿਛਲੀਆਂ ਸਰਕਾਰਾਂ ਵੱਲੋਂ ਵਿਰੋਧੀ ਪਾਰਟੀ ਇਕਦਮ ਆਪਣੀਆਂ ਅੱਖਾਂ ਪਰ੍ਹੇ ਕਰ ਲੈਂਦੀ ਸੀ। ਉਹਨਾਂ ਨੂੰ ਇਹ ਇਲਮ ਸੀ ਕਿ ਜੇ ਇਸ ਵਾਰ ਉਨ੍ਹਾਂ ਨੇ ਅੱਖ ਨਾ ਮੀਚੀ, ਪੰਜ ਸਾਲ ਦੂਜੀ ਪਾਰਟੀ ਨੇ ਮੂਹਰੇ ਆ ਖੜਨਾ ਹੈ।

ਆਮ ਆਦਮੀ ਪਾਰਟੀ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠਲੀ ਪੰਜਾਬ ਸਰਕਾਰ ਨੇ ਪਹਿਲੇ ਦਿਨ ਹੀ ਦੋ ਵਿਰੋਧੀ ਪਾਰਟੀਆਂ ਦੇ ਪੋਤੜੇ ਫਰੋਲਣ ਦੀ ਠਾਣ ਲਈ ਸੀ। ਆਮ ਆਦਮੀ ਪਾਰਟੀ ਦੀ ਸਰਕਾਰ ਨੂੰ ਪਹਿਲੀਆਂ ਦੋਵੇਂ ਸਰਕਾਰਾਂ ਦੇ ਲਏ ਮੁਹੰਮਦ ਤੁਗਲਕੀ ਫੈਸਲੇ ਦੇ ਨਤੀਜੇ ਭੁਗਤਣੇ ਪੈ ਰਹੇ ਹਨ। ਉਂਝ ਖਜ਼ਾਨਾ ਭਰਨ ਦੇ ਮਾਮਲੇ ਵਿਚ ਆਮ ਆਦਮੀ ਪਾਰਟੀ ਦੂਜਿਆਂ ਤੋਂ ਵੱਖਰਾ ਰੰਗ ਦਿਖਾ ਸਕੀ ਹੈ। ਪੰਜਾਬ ਸਿਰ ਕਰਜ਼ੇ ਦੀ ਪੰਡ ਲਗਾਤਾਰ ਭਾਰੀ ਹੁੰਦੀ ਜਾ ਰਹੀ ਹੈ।



ਕਮਲਜੀਤ ਸਿੰਘ ਬਨਵੈਤ

ਪੰਜਾਬ ਰਾਜ ਮੰਡੀ ਬੋਰਡ ਜਿਹੜਾ ਕਿ ਪੰਜਾਬ ਸਰਕਾਰ ਦਾ ਕਮਾਊ ਪੁੱਤ ਸੀ, ਅੱਜ ਬੈਂਕ ਡਿਫਾਲਟਰਾਂ ਦੀ ਸੂਚੀ ਵਿਚ ਸ਼ਾਮਲ ਹੋ ਗਿਆ ਹੈ। ਕੇਂਦਰ ਸਰਕਾਰ ਨੇ ਜਦੋਂ ਤੋਂ ਪੰਜਾਬ ਰਾਜ ਮੰਡੀ ਬੋਰਡ ਨੂੰ ਦਿਹਾਤੀ ਵਿਕਾਸ ਫੰਡ ਦੀ ਰਕਮ ਜਾਰੀ ਕਰਨ ਤੋਂ ਹੱਥ ਪਿਛਾਂਹ ਖਿੱਚ ਲਿਆ ਹੈ, ਉਦੋਂ ਤੋਂ ਲੈ ਕੇ ਹੀ ਬੈਂਕਾਂ ਦੇ ਸਹਾਰੇ ਕੰਮ ਚੱਲ ਰਿਹਾ ਹੈ। ਪੰਜਾਬ ਦੇ ਚਾਰ ਸਹਿਕਾਰੀ ਬੈਂਕਾਂ ਤੋਂ ਲਏ ਕਰਜੇ ਦੀ ਰਕਮ ਟੁੱਟ ਗਈ ਤਾਂ ਬੈਂਕਾਂ ਨੇ ਡਿਫਾਲਟਰ ਕਰਾਰ ਦੇ ਦਿੱਤਾ ਹੈ। ਮੰਡੀ ਬੋਰਡ ਵੱਲੋਂ ਬੈਂਕਾਂ ਤੋਂ ਲਏ 4650 ਕਰੋੜ ਦੇ ਕਰਜ਼ੇ ਵਿੱਚੋਂ 1650 ਰੁਪਏ ਦੀ ਅਦਾਇਗੀ ਆ ਗਈ ਹੈ। ਹੁਣ ਮੰਡੀ ਬੋਰਡ ਨੇ ਪੰਜਾਬ ਵਿੱਤ ਵਿਭਾਗ ਅੱਗੇ ਖੈਰ ਮੰਗਣ ਲਈ ਹੱਥ ਕੱਢ ਲਿਆ ਹੈ। ਮੰਡੀ ਬੋਰਡ ਦੇ ਵਿੱਤੀ ਸੰਕਟ ਵਿਚ ਫਸਣ ਨਾਲ ਆਪ ਦੀਆਂ ਲਿੰਕ ਸੜਕਾਂ ਦੀ ਮੁਰੰਮਤ ਦਾ ਕੰਮ ਪ੍ਰਭਾਵਤ ਹੋਵੇਗਾ।

ਇਥੇ ਇਹ ਚੇਤੇ ਕਰਾਇਆ ਜਾਂਦਾ ਹੈ ਕਿ ਕੇਂਦਰ ਵੱਲੋਂ ਪੰਜਾਬ ਨੂੰ ਦਿਹਾਤੀ ਵਿਕਾਸ ਫੰਡ ਦਿੱਤਾ ਜਾਂਦਾ ਰਿਹਾ ਹੈ। ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਦਿਹਾਤੀ ਵਿਕਾਸ ਫੰਡ ਦੀ ਰਕਮ ਕਿਸਾਨਾਂ ਦਾ ਕਰਜ਼ਾ ਮੁਆਫ ਕਰਨ ਲਈ ਵਰਤ ਲਈ ਗਈ ਸੀ, ਇਸ ਤੋਂ ਬਾਅਦ ਕੇਂਦਰ ਨੇ ਇਸ ਫੰਡ 'ਤੇ ਰੋਕ ਲਾ ਦਿੱਤੀ ਹੈ। ਇਹ ਪੰਜਾਬ ਦਾ ਕੋਈ ਇੱਕ ਅਦਾਰਾ ਨਹੀਂ ਹੈ, ਜਿਸ ਦੀ ਗਰਾਂਟ ਕੇਂਦਰ ਸਰਕਾਰ ਵੱਲੋਂ ਬੰਦ ਕੀਤੀ ਗਈ ਹੈ, ਇਸ ਤੋਂ ਪਹਿਲਾਂ ਵੀ ਉਹਨਾਂ ਵਿਭਾਗੀ ਫੰਡ ਰੋਕ ਲਿਆ ਗਿਆ ਸੀ ਜਿਹਨਾਂ ਵੱਲੋਂ ਪਹਿਲਾਂ ਵਰਤੇ ਪੈਸੇ ਦਾ ਸਰਟੀਫਿਕੇਟ ਨਹੀਂ ਦਿੱਤਾ ਗਿਆ ਸੀ। ਜਿਨ੍ਹਾਂ ਖੇਤਰਾਂ ਵਿੱਚ ਪੰਜਾਬ ਸਰਕਾਰ ਆਪਣੇ ਹਿੱਸੇ ਦੀ ਮੈਚਿੰਗ ਗਰਾਂਟ ਪਾਉਣ ਵਿਚ ਸਫਲ ਰਹੀ ਹੈ, ਉਨ੍ਹਾਂ ਵਿਭਾਗਾਂ ਦੀ ਗਰਾਂਟ ਵੀ ਰੋਕ ਲਈ ਗਈ ਹੈ।

ਇੱਥੇ ਹੀ ਬੱਸ ਨਹੀਂ ਥੋੜ੍ਹਾ ਸਮਾਂ ਪਹਿਲਾਂ ਕੇਂਦਰ ਸਰਕਾਰ ਨੇ ਪੰਜਾਬ ਨੂੰ ਅਸਲੀ ਖਰੀਦ ਖਰਚੇ 'ਤੇ ਦਿੱਤੇ ਜਾਣ ਵਾਲੇ ਪ੍ਰਬੰਧਕੀ ਖਰਚੇ ਉਤੇ ਵੀ ਕੱਟ ਲਾ ਦਿੱਤਾ ਗਿਆ ਸੀ। ਇਸ ਨਾਲ ਪੰਜਾਬ ਨੂੰ ਪੰਜ ਸੌ ਸੱਤਰ ਕਰੋੜ ਦਾ ਰਗੜਾ ਲਗਾ ਹੈ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕੇਂਦਰੀ ਮੰਤਰੀ ਨਾਲ ਪਿਛਲੇ ਦਿਨੀਂ ਮੁਲਾਕਾਤ ਕਰਕੇ ਦਿਹਾਤੀ ਵਿਕਾਸ ਫੰਡ ਜਾਰੀ ਕਰਨ ਲਈ ਕਿਹਾ ਸੀ। ਉਨ੍ਹਾ ਕੇਂਦਰੀ ਮੰਤਰੀ ਦੇ ਧਿਆਨ ਵਿਚ ਇਹ ਵੀ ਲਿਆਂਦਾ ਸੀ ਕਿ ਮੰਡੀ ਬੋਰਡ ਨੇ 4600 ਕਰੋੜ ਦਾ ਕਰਜ਼ਾ ਦੀ ਕਾਂਗਰਸ ਸਰਕਾਰ ਵੇਲੇ ਲਿਆ ਸੀ, ਜਿਸ ਦਾ ਖਮਿਆਜ਼ਾ ਉਹਨਾਂ ਦੀ ਸਰਕਾਰ ਨੂੰ ਭੁਗਤਣਾ ਪੈ ਰਿਹਾ ਹੈ।

ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਚਾਹੇ ਚਾਦਰ ਦੇਖ ਕੇ ਪੈਰ ਪਸਾਰਨ ਦੀ ਨੀਤੀ ਅਖਤਿਆਰ ਕਰ ਰਹੀ ਹੈ, ਪਰ ਪਿਛਲੀਆਂ ਸਰਕਾਰਾਂ ਵੱਲੋਂ ਚੁੱਕੇ ਕਰਜ਼ੇ ਦੀਆਂ ਕਿਸ਼ਤਾਂ ਸਾਹ ਨਹੀਂ ਲੈਣ ਦੇ ਰਹੀਆਂ ਹਨ। ਅੱਜ ਆਮ ਆਦਮੀ ਪਾਰਟੀ ਦੀ ਸਰਕਾਰ ਉੱਤੇ ਵੀ ਇਸ਼ਤਿਹਾਰਾਂ ਉਤੇ ਪੈਸਾ ਪਾਣੀ ਦੀ ਤਰ੍ਹਾਂ ਵਹਾਉਣ ਦੇ ਦੋਸ਼ ਲੱਗਦੇ ਹਨ, ਜਦ ਕਿ ਪੰਜਾਬ ਦਾ ਖਜ਼ਾਨਾ ਖਾਲੀ ਹੈ। ਭਗਵੰਤ ਸਿੰਘ ਮਾਨ ਪੰਜਾਬ ਦੇ ਖਜ਼ਾਨੇ ਨੂੰ ਭ੍ਰਿਸ਼ਟ ਲੀਡਰਾਂ ਦੀਆਂ ਜੇਬਾਂ ਵਿਚੋਂ ਕੱਢ ਕੇ ਪੰਜਾਬ ਨੂੰ ਮੁੜ ਤੋਂ ਰੰਗਲਾ ਬਣਾਉਣ ਲਈ ਦ੍ਰਿੜ੍ਹ ਦਿਸ ਰਹੇ ਹਨ।

*# ਸੰਪਰਕ : 98147-34035*

